



FREE

# ਮਨ ਜਿੱਤ

MANN JITT WEEKLY

Jhally
Creativity at its best

Video Productions & Photography
Creative Video Production & Photography for Wedding Civil Marriages, Parties, All Special occasions, Digital Storybooks & Traditional Albums.
TEL. : 01922 448427 Mob. : 07958-747497
57 Darlaston Road, Walsall, WS2 9QT email: info@jhally.co.uk

Vol: 18, Issue 880 U.K's Largest Circulated Free Punjabi/English Newspaper www.mannjittweekly.co.uk 25th October to 31st October 2023

# ਜੰਗ ’ਚ ਆਮ ਲੋਕਾਂ ਦੀ ਮੌਤ ’ਤੇ ਭਾਰਤ ਨੇ ਚਿੰਤਾ ਜਤਾਈ

ਸੰਯੁਕਤ ਰਾਸ਼ਟਰ - ਭਾਰਤ ਨੇ ਇਜ਼ਰਾਈਲ-ਹਮਾਸ ’ਚ ਜਾਰੀ ਸੰਘਰਸ਼ ਵਿੱਚ ਵੱਡੇ ਪੱਧਰ ’ਤੇ ਆਮ ਨਾਗਰਿਕਾਂ ਦੀ ਮੌਤ ਅਤੇ ਸੁਰੱਖਿਆ ਦੇ ਵਿਗੜਦੇ ਹਾਲਾਤ ’ਤੇ ਚਿੰਤਾ ਜਾਹਿਰ ਕਰਦਿਆਂ ਸਾਰੀਆਂ ਧਿਰਾਂ ਨੂੰ ਸ਼ਾਂਤੀ ਲਈ ਲੋੜੀਂਦਾ ਮਾਹੌਲ ਬਣਾਉਣ ਤੇ ਤਣਾਅ ਘੱਟ ਕਰਕੇ ਸਿੱਧੀ ਗੱਲਬਾਤ ਮੁੜ ਤੋਂ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਸੰਯੁਕਤ ਰਾਸ਼ਟਰ ’ਚ ਭਾਰਤ ਦੇ ਸਥਾਈ ਨੁਮਾਇੰਦੇ ਆਰ ਰਵਿੰਦਰ ਨੇ ਪੱਛਮੀ ਏਸ਼ੀਆ ਦੇ ਹਾਲਾਤ ਬਾਰੇ ਸਲਾਮਤੀ ਪਰਿਸ਼ਦ ਦੀ ਮੀਟਿੰਗ ਦੌਰਾਨ ਇਹ ਟਿੱਪਣੀ ਕੀਤੀ।



ਰਵਿੰਦਰ ਨੇ ਕਿਹਾ,“ਭਾਰਤ ਵਿਗੜਦੇ ਸੁਰੱਖਿਆ ਹਾਲਾਤ ਅਤੇ ਸੰਘਰਸ਼ ’ਚ ਵੱਡੇ ਪੱਧਰ ’ਤੇ ਆਮ ਨਾਗਰਿਕਾਂ ਦੀ ਮੌਤ ਤੋਂ ਬਹੁਤ ਫਿਕਰਮੰਦ ਹੈ। ਵਧਦਾ ਮਾਨਵੀ ਸੰਕਟ ਵੀ ਓਨਾ ਹੀ ਚਿੰਤਾਜਨਕ ਹੈ।” ਉਨ੍ਹਾਂ ਕਿਹਾ ਕਿ ਸਾਰੀਆਂ ਧਿਰਾਂ ਨੂੰ ਨਾਗਰਿਕਾਂ ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੀ ਰੱਖਿਆ ਕਰਨੀ ਚਾਹੀਦੀ ਹੈ। ‘ਮੌਜੂਦਾ ਤਣਾਅ ਕਾਰਨ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਸਿੱਧੀ ਤੇ ਭਰੋਸੇਯੋਗ ਵਾਰਤਾ ਫੌਰੀ ਸ਼ੁਰੂ ਕਰਨ ਦੀ ਲੋੜ ਹੈ। ਵਾਰਤਾ ਲਈ ਸੁਖਾਵਾਂ ਮਾਹੌਲ ਬਣਾਉਣ ਵਾਸਤੇ ਹਰਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।’ ਰਵਿੰਦਰ ਨੇ ਕਿਹਾ ਕਿ ਭਾਰਤ ਨੇ ਹਮੇਸ਼ਾ ਇਜ਼ਰਾਈਲ-ਫਲਸਤੀਨ ਮੁੱਦੇ ’ਤੇ ਗੱਲਬਾਤ ਰਾਹੀਂ ‘ਦੋ-ਰਾਸ਼ਟਰ ਹੱਲ’ ਦੀ ਹਮਾਇਤ ਕੀਤੀ ਹੈ ਤਾਂ ਜੋ ਖ਼ੁਦਮੁਖਤਿਆਰ ਫਲਸਤੀਨ ਦੀ ਸਥਾਪਨਾ ਹੋ ਸਕੇ।

ਯੇਰੂਸ਼ਲਮ: ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਟੋਨੀਓ ਗੁਟੇਰੇਜ ਵੱਲੋਂ ਦਿੱਤੇ ਗਏ ਵਿਵਾਦਤ ਬਿਆਨ ਤੋਂ ਇਜ਼ਰਾਇਲੀ ਹਾਕਮ ਧਿਰ ਗੁੱਸੇ ’ਚ ਹੈ। ਗੁਟੇਰੇਜ ਨੇ ਕਿਹਾ ਸੀ ਕਿ ਹਮਾਸ ਦਾ ਦੱਖਣੀ ਇਜ਼ਰਾਈਲ ’ਤੇ ਹਮਲਾ ‘ਖਲਾਅ ’ਚ ਨਹੀਂ ਹੋਇਆ ਹੈ।’ ਇਜ਼ਰਾਈਲ ਨੇ ਕਿਹਾ ਕਿ ਗੁਟੇਰੇਜ ਅਤਿਵਾਦ ਨੂੰ ਜਾਇਜ਼ ਠਹਿਰਾ ਰਹੇ ਹਨ। ਵਿਦੇਸ਼ ਮੰਤਰੀ ਏਲੀ ਕੋਹੈੱਨ ਨੇ ਸੰਯੁਕਤ ਰਾਸ਼ਟਰ ਮੁਖੀ ਨਾਲ ਹੋਣ ਵਾਲੀ ਮੀਟਿੰਗ ਰੱਦ ਕਰ ਦਿੱਤੀ ਜਦਕਿ ਇਜ਼ਰਾਈਲ ਦੇ ਹੋਲੋਕਾਸਟ ਯਾਦਗਾਰ ਦੇ ਯਾਡ ਵਾਸ਼ੇਮ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਮੁਖੀ ਇਮਤਿਹਾਨ ’ਚ ਨਾਕਾਮ ਹੋ ਗਏ ਹਨ। ਕੋਹੈੱਨ ਨੇ ‘ਐਕਸ’ ’ਤੇ ਪੋਸਟ ਕੀਤਾ,“7 ਅਕਤੂਬਰ ਦੇ ਕਤਲੇਆਮ ਮਗਰੋਂ ਸੰਤੁਲਿਤ ਪਹੁੰਚ ਅਪਣਾਉਣ ਦਾ ਕੋਈ ਇਰਾਦਾ ਨਹੀਂ ਹੈ। ਹਮਾਸ ਦਾ ਪ੍ਰਿਥਵੀ ਤੋਂ ਖਾਤਮਾ ਕਰ ਦੇਣਾ ਚਾਹੀਦਾ ਹੈ।

## ਪੱਤਰਕਾਰ ਤੇ ਲੇਖਕ ਸੁਰਜਨ ਜ਼ੀਰਵੀ ਦਾ ਦੇਹਾਂਤ



ਬਰੈਂਪਟਨ/ਜਲੰਧਰ - ਪੰਜਾਬੀ ਪੱਤਰਕਾਰ ਤੇ ਲੇਖਕ ਸੁਰਜਨ ਸਿੰਘ ਜੀਰਵੀ (93) ਦਾ ਅੱਜ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿੱਚ ਦੇਹਾਂਤ ਹੋ ਗਿਆ। ਉਹ ਰੋਜਾਨਾ ਪੰਜਾਬੀ ਅਖਬਾਰ ‘ਨਵਾਂ ਜ਼ਮਾਨਾ’ ਦੇ ਨਿਊਜ ਐਡੀਟਰ ਰਹੇ ਹਨ।

ਉਨ੍ਹਾਂ ਸਰਕਾਰੀ ਸਕੂਲ ਜੀਰਾ ਤੋਂ ਦਸਵੀਂ ਪਾਸ ਕੀਤੀ। ਉਹ ਕੈਨੇਡਾ ਵਿੱਚ ਸੈਟਲਮੈਂਟ ਕਾਊਂਸਲਰ ਵਜੋਂ ਵੀ ਸਰਗਰਮ ਰਹੇ। ਉਨ੍ਹਾਂ ਦੀ ਧੀ ਸੀਰਤ ਅਤੇ ਜਵਾਈ ਨਵਤੇਜ ਸਿੰਘ ਕੈਨੇਡਾ ਰਹਿੰਦੇ ਹਨ। ਉਨ੍ਹਾਂ ਦੇ ਮਿੱਤਰ ਤੇ ਚਿੰਤਕ ਹਰੀਸ਼ ਪੁਰੀ ਨੇ ਆਖਿਆ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਦੇ ਸਮਾਜ, ਸਿਆਸਤ ਅਤੇ ਇਤਿਹਾਸ ਬਾਰੇ ਸਮਝ ਅਦੁੱਤੀ ਸੀ। ਉੱਘੇ ਪੱਤਰਕਾਰ ਜਤਿੰਦਰ ਪੰਨੂ ਨੇ ਉਨ੍ਹਾਂ ਨੂੰ ਆਪਣਾ ਗੁਰੂ ਅਤੇ ਉਸਤਾਦ ਦੱਸਿਆ। ਸੁਰਜਨ ਜੀਰਵੀ ਪੰਜਾਬੀ ਦੇ ਨਾਮਵਰ ਪੱਤਰਕਾਰਾਂ ਵਿੱਚੋਂ ਚੋਟੀ ’ਤੇ ਸਨ। ਉਨ੍ਹਾਂ ਨੇ 40 ਸਾਲ ‘ਨਵਾਂ ਜਮਾਨਾ’ ਵਿੱਚ ਕੰਮ ਕੀਤਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਗਰਮ ਕਾਰਕੁਨ ਰਹੇ। ਸਾਲ 1953-54 ਵਿੱਚ ਉਨ੍ਹਾਂ ਨੇ ‘ਲੋਕ ਯੁੱਗ’ ਪਰਚਾ ਕੱਢਿਆ।

RAI & SONS
BUILDERS
NEW BUILDS
EXTENTIONS
RE WIRING
ROOFING
INSURANCE WORK
CENTRAL HEATING
DAMP PROOFING

CONTACT
0121 358 4539
07973 147 255
07723 315127
077928 55562

# ਪੰਜਾਬ ਪੁਲੀਸ ਦੇ ‘ਕੈਟ’ ਗੁਰਮੀਤ ਪਿੰਕੀ ਦੀ ਡੇਂਗੂ ਕਾਰਨ ਮੌਤ

ਚੰਡੀਗੜ - ਪੰਜਾਬ ਪੁਲੀਸ ਦੇ ‘ਕੈਟ’ ਗੁਰਮੀਤ ਸਿੰਘ ਪਿੰਕੀ ਦੀ ਅੱਜ ਚੰਡੀਗੜ੍ਹ ਦੇ ਨਿੱਜੀ ਹਸਪਤਾਲ ਵਿੱਚ ਮੌਤ ਹੋ ਗਈ। ਪਿੰਕੀ ਨੂੰ ਪਿਛਲੇ ਹਫ਼ਤੇ ਡੇਂਗੂ ਹੋਇਆ ਸੀ, ਜਿਸ ਤੋਂ ਬਾਅਦ ਪਲੇਟਲੈਟਸ ਘਟਣ ਕਰਕੇ ਉਸ ਨੂੰ ਚੰਡੀਗੜ੍ਹ ਦੇ ਸੈਕਟਰ-34 ਸਥਿਤ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਅੱਜ ਸਵੇਰੇ ਸਿਹਤ ਜ਼ਿਆਦਾ ਵਿਗੜਨ ਕਰਕੇ ਉਸ ਦੀ ਮੌਤ ਹੋ ਗਈ। ਪਿੰਕੀ ਦੀ ਧੀ ਵਿਦੇਸ਼ ਵਿੱਚ ਰਹਿੰਦੀ ਹੈ, ਜਿਸ ਦੇ ਆਉਣ ਤੋਂ ਬਾਅਦ ਹੀ ਉਸ ਦਾ ਸਸਕਾਰ ਕੀਤਾ ਜਾਵੇਗਾ।

ਪਿੰਕੀ ‘ਕੈਟ’ ਵਜੋਂ ਜਾਣੇ ਜਾਂਦੇ ਗੁਰਮੀਤ ਸਿੰਘ ਪਿੰਕੀ ਨੇ ਸਾਲ 2001 ਵਿੱਚ ਲੁਧਿਆਣਾ ਦੇ ਅਵਤਾਰ ਸਿੰਘ ਗੋਲਾ ਨੂੰ ਗੋਲੀ ਮਾਰ ਦਿੱਤੀ ਸੀ, ਜਿਸ ਕਰਕੇ ਪਿੰਕੀ ਨੂੰ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਸੀ। ਪਿੰਕੀ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ’ਚ ਸ਼ਾਮਲ ਮੁਲਜ਼ਮਾਂ ਨੂੰ ਫੜਨ ’ਚ ਅਹਿਮ ਭੂਮਿਕਾ ਨਿਭਾਈ ਸੀ। ਉਹ ਜਗਤਾਰ ਸਿੰਘ ਹਵਾਰਾ ਨੂੰ ਦੋ ਵਾਰ ਗ੍ਰਿਫ਼ਤਾਰ ਕਰਨ ਤੋਂ ਬਾਅਦ ਵੀ ਚਰਚਾ ਵਿੱਚ ਰਿਹਾ।



## ਪ੍ਰਧਾਨ ਮੰਤਰੀ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਨਿਲਾਮ ਨਾ ਕਰਨ: ਧਾਮੀ

ਅੰਮ੍ਰਿਤਸਰ: ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵੀਟ ਕਰਕੇ ਅਪੀਲ ਕੀਤੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਆਪਣੇ ਗ੍ਰਹਿ ਵਿਖੇ ਸਜਾ ਕੇ ਰੱਖਣ ਅਤੇ ਇਸ ਨੂੰ ਨਿਲਾਮ ਨਾ ਕਰਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਮਿਲੇ ਸਨਮਾਨਾਂ ਅਤੇ ਤੋਹਫਿਆਂ ਦੀ ਨਿਲਾਮੀ ਕੀਤੀ ਜਾ ਰਹੀ ਹੈ ਜਨ੍ਹਿਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਵੀ ਸਾਮਿਲ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਆਮ ਤੋਹਫਾ ਨਹੀਂ ਸਗੋਂ ਇੱਕ ਸਰਧਾ ਅਤੇ ਸਤਿਕਾਰ ਦਾ ਪ੍ਰਤੀਕ ਹੈ।



# ਮਿਜ਼ੋਰਮ: 174 ਵਿੱਚੋਂ 112 ਉਮੀਦਵਾਰ ਕਰੋੜਪਤੀ

ਐਜ਼ੌਲ - ਮਿਜ਼ੋਰਮ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਕਿਸਮਤ ਅਜ਼ਮਾ ਰਹੇ 174 ਉਮੀਦਵਾਰਾਂ ਵਿੱਚੋਂ 112 ਕਰੋੜਪਤੀ ਹਨ ਅਤੇ ਇਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਐਂਡਰਿਊ ਲ ਲ ਰੇ ਮ ਕਿ ਮ ਾ ਪਾਚਆਊ ਕਰੀਬ 69 ਕਰੋੜ ਰੁਪਏ ਦੀ ਐਲਾਨੀ ਜਾਇਦਾਦ ਨਾਲ ਸਭ ਤੋਂ ਵੱਧ ਅਮੀਰ ਹਨ। ਉਮੀਦਵਾਰਾਂ ਦੇ ਹਲਫਨਾਮੇ ਮੁਤਾਬਕ 64.4 ਫੀਸਦੀ ਉਮੀਦਵਾਰਾਂ ਨੇ ਇੱਕ ਕਰੋੜ ਰੁਪਏ ਜਾਂ ਉਸ ਤੋਂ ਵੱਧ ਦੀ ਜਾਇਦਾਦ ਐਲਾਨੀ ਹੈ। ਐਂਡਰਿਊ 68.93 ਕਰੋੜ ਰੁਪਏ ਦੀ ਐਲਾਨੀ ਜਾਇਦਾਦ ਨਾਲ ਸਭ ਤੋਂ ਵੱਧ ਅਮੀਰ ਹੈ। ਉਹ ਐਜ਼ੌਲ ਉੱਤਰ- ਵਿਧਾਨ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਕਾਂਗਰਸ ਦੇ ਆਰ ਵਨਲਲਤੁਲਆਂਗਾ (ਸੇਰਛਿਪ ਸੀਟ) ਦੂਜੇ ਸਥਾਨ ’ਤੇ ਹਨ। ਉਨ੍ਹਾਂ 55.6 ਕਰੋੜ ਰੁਪਏ ਦੀ ਜਾਇਦਾਦ ਐਲਾਨੀ ਹੈ, ਜਦਕਿ ਜ਼ੋਰਮ ਪੀਪਲਜ਼ ਮੂਵਮੈਂਟ ਦੇ ਐੱਚ ਗਨਿਜ਼ਾਲਾਲਾ (ਚੰਮਫਾਈ ਨਾਰਥ) 36.9 ਕਰੋੜ ਰੁਪਏ ਦੀ ਜਾਇਦਾਦ ਨਾਲ ਤੀਜੇ ਸਥਾਨ ’ਤੇ ਹਨ। ਹਲਫਨਾਮਿਆਂ ਅਨੁਸਾਰ ਉਨ੍ਹਾਂ ਦੀ ਆਮਦਨ ਦਾ ਸਰੋਤ ਕਾਰੋਬਾਰ ਹੈ। ਸੇਰਛਿਪ ਸੀਟ ਤੋਂ ਆਜ਼ਾਦ ਉਮੀਦਵਾਰ ਰਾਮਹੁਲਨ-ਏਡੇਨਾ ਕੋਲ ਸਭ ਤੋਂ ਘੱਟ 1500 ਰੁਪਏ ਦੀ ਚਾਲੂ ਜਾਇਦਾਦ ਹੈ। ਚੋਣ ਕਮਿਸ਼ਨ ਦੀ ਵੈੱਬਸਾਈਟ ’ਤੇ ਅਪਲੋਡ ਕੀਤੇ ਗਏ ਆਪਣੇ ਹਲਫਨਾਮੇ ਵਿੱਚ ਲੌਂਗਤਲਾਈ ਪੱਛਮ ਤੋਂ ਭਾਜਪਾ ਉਮਦੀਵਾਰ ਜੇਬੀ ਰਾਉਲਛਿੰਗਾ ਨੇ ਗਲਤੀ ਨਾਲ ਆਪਣੀ ਜਾਇਦਾਦ 90.32 ਕਰੋੜ ਰੁਪਏ ਐਲਾਨ ਦਿੱਤੀ ਹੈ। ਪਾਰਟੀ ਨੇ ਚੋਣ ਕਮਿਸ਼ਨ ਨੂੰ ਇਸ ਵਿੱਚ ਸੋਧ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ 2018 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਜ਼ੋ ਨੈਸ਼ਨਲ ਫਰੰਟ ਦੇ ਉਮੀਦਵਾਰ ਲਲਰਨਿੰਗਾ ਸੇਲੋ (ਹਾਚੇਕ) 100 ਕਰੋੜ ਰੁਪਏ ਦੀ ਜਾਇਦਾਦ ਨਾਲ ਸਭ ਤੋਂ ਅਮੀਰ ਉਮੀਦਵਾਰ ਸੀ। ਇਸ ਵਾਰ ਸੇਲੋ ਦੀ ਜਾਇਦਾਦ ਘਟ ਕੇ 26.24 ਕਰੋੜ ਰੁਪਏ ਰਹਿ ਗਈ ਹੈ। ਚੋਣ ਮੈਦਾਨ ’ਚ ਉੱਤਰੀਆਂ 16 ਮਹਿਲਾ ਉਮੀਦਵਾਰਾਂ ਵਿੱਚੋਂ ਕਾਂਗਰਸ ਉਮੀਦਵਾਰ ਮਰੀਅਮ ਐੱਲ ਹਰਾਂਗਚਲ (ਲੁੰਗਲੇਈ ਦੱਖਣੀ) 18.63 ਕਰੋੜ ਰੁਪਏ ਦੀ ਜਾਇਦਾਦ ਨਾਲ ਸਭ ਤੋਂ ਅਮੀਰ ਹੈ।



## MATRIMONIAL

British born, Post Graduate in UK, Clean Shaven, 5'-6" aged 53,working in Aviation Industry seeking a well balanced female Partner. Caste no bar. Interested ones please contact on 07821 085 600 for more details and exchange information.

ਬਰਤਾਨੀਆਂ ਦੇ ਜੰਮਪਲ, ਪੋਸਟ ਗ੍ਰੈਜੂਏਟ, ਕੱਦ 5’-6”, ਉਮਰ 53 ਸਾਲ, ਏਵੀਏਸ਼ਨ ਕੰਪਣੀ ਵਿੱਚ ਕੰਮ ਕਰਨ ਵਾਲੇ ਨੂੰ ਜੀਵਨ ਸਥਣ ਦੀ ਜ਼ਰੂਰਤ ਹੈ ਜਿਹੜੀ ਪ੍ਰੀਵਾਰਿਕ ਕਦਰਾਂ ਕੀਮਤਾਂ ਤੋਂ ਜਾਣੂ ਹੋਵੇ,ਜਾਤੀ ਬੰਧਨ ਕੋਈ ਨਹੀਂ।
ਕ੍ਰਿਪਾ ਕਰਕੇ ਚਾਹੁਣ ਵਾਲੇ ਇਸ ਨੰਬਰ 07821 085 600 ਤੇ ਹੋਰ ਜਾਣਕਾਰੀ ਲਈ ਸੰਪਰਕ ਕਰਨ ਜੀ।

Kool Cakes

Cakes for all occasions
We make cakes with or without eggs, vegan and gluten free in a variety of flavours. Available same day.
Design and Order Your Cakes
Online @ www.koolcakes.uk
Customer service 020 7052 5152
Email us sales@koolcakes.uk
* Delivery available on request
*T's & C's apply
Heston Branch
9 Central Parade,
New Heston Road,
Heston, Middlesex TW5 0LQ
Tel: 020 8577 6393
Kingsbury Branch
2 Honeypot Lane,
Kingsbury,
London NW9 9QD
Tel: 020 8204 3949

# 10 ਹਜ਼ਾਰ ਮਹੀਨੇ ’ਤੇ ਰੱਖੀ ਨੌਕਰਾਣੀ ਤੋਂ ਕਮਾ ਲਏ ਕਰੋੜਾਂ

ਲੁਧਿਆਣਾ: ਘਰੇਲੂ ਕੰਮ ਲਈ ਰੱਖੀ ਨੌਕਰਾਣੀ ਦੇ ਨਾਂ ’ਤੇ GST ਨੰਬਰ ਜਾਰੀ ਕਰਵਾ ਕੇ ਲੁਧਿਆਣਾ ਦੇ ਇੱਕ ਕਾਰੋਬਾਰੀ ਨੇ ਉਸ ਦੇ ਨਾਂ ’ਤੇ ਦੋ ਮਹੀਨਿਆਂ ’ਚ ਹੀ ਕਰੋੜਾਂ ਰੁਪਏ ਦੀ ਬੋਗਸ ਬਿਲਿੰਗ ਕਰ ਦਿੱਤੀ। GST ਵਿਭਾਗ ਨੇ ਜਦੋਂ ਇਸ ਸਕੈਮ ਨੂੰ ਫ਼ੜ ਕੇ ਦਸਤਾਵੇਜ਼ਾਂ ’ਚ ਦਰਜ ਮੋਬਾਇਲ ਨੰਬਰ ’ਤੇ ਕਾਲ ਕੀਤੀ ਤਾਂ ਪਤਾ ਲੱਗਾ ਕਿ ਫ਼ਰਮ ਔਰਤ ਦੇ ਨਾਂ ’ਤੇ ਹੈ ਅਤੇ ਕਿਸੇ ਘਰ ’ਚ ਕੰਮ ਕਰਦੀ ਹੈ। ਦੂਜੇ ਪਾਸੇ ਔਰਤ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਉਸ ਦੇ ਨਾਂ ’ਤੇ ਕਰੋੜਾਂ ਦਾ ਕਾਰੋਬਾਰ ਹੋ ਰਿਹਾ ਹੈ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖ਼ਿਸਕ ਗਈ ਜਦੋਂ ਕਿ ਉਸ ਨੇ ਅਧਿਕਾਰੀਆਂ ਨੂੰ ਜਵਾਬ ਦਿੱਤਾ ਕਿ ਉਸ ਨੂੰ ਮਾਲਕ ਤੋਂ ਸਿਰਫ਼ 10 ਹਜ਼ਾਰ ਰੁਪਏ ਮਹੀਨੇ ਦੇ ਮਿਲਦੇ ਹਨ। ਵਿਭਾਗ ਤੋਂ ਕਾਲ ਆਉਣ ਤੋਂ ਬਾਅਦ ਨੌਕਰਾਣੀ ਨੇ ਆਪਣਾ ਮੋਬਾਇਲ ਵੀ ਬੰਦ ਕਰ ਲਿਆ ਅਤੇ ਅੰਡਰਗਰਾਊਂਡ ਹੋ ਗਈ ਜਦੋਂਕਿ ਵਿਭਾਗ ਵਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ। ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਿਕ GST ਦੀ ਟੀਮ ਨੇ ਵਿਭਾਗ ਦੇ ਡੇਟਾ ਮਾਈਨਿੰਗ ਸੌਫ਼ਟਵੇਅਰ ਰਾਹੀਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਕੰਮ ਕਰਦੇ ਹੋਏ 23 ਅਕਤੂਬਰ ਨੂੰ ਇੱਕ ਟਰੱਕ ਫ਼ੜਿਆ ਸੀ ਜਿਸ ’ਚ ਤਿੰਨ ਟਨ ਕੌਪਰ ਵੀ ਭਰਿਆ ਹੋਇਆ ਸੀ।

ਵਿਭਾਗ ਨੇ ਕਾਰਵਾਈ ਕਰਦੇ ਹੋਏ ਟਰੱਕ ਦੇ ਮਾਲਕ ਨੂੰ 11.66 ਲੱਖ ਰੁਪਏ ਜੁਰਮਾਨਾ ਕੀਤਾ ਸੀ ਪਰ ਵਿਭਾਗ ਨੇ ਇਸ ਟਰੱਕ ’ਚੋਂ ਬਰਾਮਦ ਬਿੱਲਾਂ ਸਬੰਧੀ ਅਗਲੀ ਜਾਂਚ ਕੀਤੀ ਤਾਂ ਅਧਿਕਾਰੀ ਵੀ ਹੱਕੇ-ਬੱਕੇ ਰਹਿ ਗਏ। ਸਟੇਟ ਇੰਟੈਲੀਜੈਂਸ ਅਤੇ ਪ੍ਰੀਵੈਂਟਿਵ ਯੂਨਿਟ ਵਲੋਂ ਡੇਟਾ ਮਾਈਨਿੰਗ ਜ਼ਰੀਏ 15 ਦਿਨ ਦੀ ਜਾਂਚ ਤੋਂ ਬਾਅਦ ਪਤਾ ਲੱਗਾ ਕਿ ਇਸ ’ਚ ਲੱਗੇ ਇੱਕ ਬਿੱਲ ਦਾ GST ਨੰਬਰ ਲੁਧਿਆਣਾ ਦੇ ਕੇ. ਟ੍ਰੇਡਰ ਦੀ ਫ਼ਰਮ ਨੇ 28 ਜੂਨ 2023 ਨੂੰ ਜਾਰੀ ਕਰਵਾਇਆ ਸੀ ਅਤੇ ਇਸ ਫ਼ਰਮ ’ਚ ਉਨ੍ਹਾਂ ਨੇ ਨਮਕ, ਮਿਰਚ ਅਤੇ ਚਾਹਪੱਤੀ ਦਾ ਕਾਰੋਬਾਰ ਕਰਨ ਦੀ ਗੱਲ ਕੀਤੀ ਸੀ ਪਰ ਫ਼ਰਮ ਵਲੋਂ ਕੌਪਰ ਸਕ੍ਰੈਪ ਦੀ ਬਿਲਿੰਗ ਕੀਤੀ ਜਾ ਰਹੀ ਹੈ। ਫ਼ਰਮ ਵਲੋਂ ਕੌਪਰ ਸਕ੍ਰੈਪ ਦੀ ਬੋਗਸ ਬਿਲਿੰਗ ਕੀਤੀ ਜਾ ਰਹੀ ਹੈ। ਜਾਂਚ ’ਚ ਖ਼ੁਲਾਸਾ ਹੋਇਆ ਕਿ ਕਾਰੋਬਾਰੀ ਨੇ ਆਪਣੀ ਘਰੇਲੂ ਨੌਕਰਾਣੀ ਦੇ ਨਾਂ ’ਤੇ ਇੱਕ ਫ਼ਰਮ ਖੋਲ੍ਹੀ ਹੋਈ ਹੈ ਅਤੇ ਦੋ ਮਹੀਨਿਆਂ ’ਚ ਹੀ ਉਸ ਨੇ 10 ਕਰੋੜ ਰੁਪਏ ਦੀ ਬੋਗਸ ਬਿਲਿੰਗ ਕਰ ਦਿੱਤੀ। ਜਾਂਚ ਤੋਂ ਬਾਅਦ ਪਤਾ ਲੱਗਾ ਕਿ GST ਨੰਬਰ ਰੈਜਿਸਟ੍ਰੇਸ਼ਨ ਕਰਵਾਉਂਦੇ ਸਮੇਂ ਫ਼ਰਮ ਮਾਲਕ ਵਲੋਂ ਫ਼ਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਗਈ ਸੀ। ਇੱਥੋਂ ਤਕ ਕਿਰਾਇਆਨਾਮਾ ਵੀ ਪੁਰਾਣੇ ਅਸ਼ਟਾਮਾਂ ’ਤੇ ਲਿਖਵਾ ਕੇ ਜਮ੍ਹਾਂ ਕਰਵਾਇਆ ਗਿਆ ਸੀ ਜਦੋਂਕਿ ਇਹ ਅਸ਼ਟਾਮ 2022 ’ਚ ਸੂਬਾ ਸਰਕਾਰ ਵਲੋਂ ਬੰਦ ਕਰ ਦਿੱਤੇ ਗਏ ਸਨ। ਫ਼ਰਮ ਵੱਲੋਂ ਕਿਰਾਇਆਨਾਮਾ 2023 ’ਚ ਤਿਆਰ ਕੀਤਾ ਗਿਆ ਸੀ। ਕਾਰਵਾਈ ਕਰਦੇ ਹੋਏ ਜਦੋਂ ਅਧਿਕਾਰੀਆਂ ਨੇ ਦਸਤਾਵੇਜ਼ਾਂ ’ਚ ਦਰਸਾਈ ਫ਼ਰਮ ਦੀ ਮਾਲਕਣ (ਘਰੇਲੂ ਨੌਕਰਾਣੀ) ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਅਸਲ ’ਚ ਉਹ ਬਿਹਾਰ ਤੋਂ ਆਈ ਹੋਈ ਹੈ। ਉਹ ਅਤੇ ਉਸ ਦਾ ਪਤੀ ਲੇਬਰ ਦਾ ਕੰਮ ਕਰਦੇ ਹਨ। ਉਸ ਨੂੰ ਇਸ ਗੱਲ ਦਾ ਕੁੱਝ ਵੀ ਪਤਾ ਨਹੀਂ ਹੈ। ਉਸ ਨੇ ਦੱਸਿਆ ਕਿ ਉਸ ਦੇ ਮਾਲਕ ਨੇ ਪੱਕੇ ਤੌਰ ’ਤੇ ਕੰਮ ’ਤੇ ਰੱਖਣ ਲਈ ਪੁਲੀਸ ਤੋਂ ਵੈਰੀਫ਼ਿਕੇਸ਼ਨ ਕਰਵਾਉਣ ਲਈ ਆਧਾਰ ਕਾਰਡ ਵੀ ਲਿਆ ਸੀ। ਉਸ ਨੇ ਕੁੱਝ ਦਸਤਾਵੇਜ਼ਾਂ ’ਤੇ ਸਾਈਨ ਜ਼ਰੂਰ ਕਰਵਾਏ ਸਨ ਅਤੇ ਉਸ ਦੇ ਬਦਲੇ ਉਸ ਨੂੰ 10 ਹਜ਼ਾਰ ਰੁਪਏ ਦਿੱਤੇ ਸਨ ਅਤੇ ਹਰ ਮਹੀਨੇ 10 ਹਜ਼ਾਰ ਰੁਪਏ ਦੇਣ ਦੀ ਗੱਲ ਕਹੀ ਸੀ। GST ਵਿਭਾਗ ਦੇ ਅਧਿਕਾਰੀਆਂ ਵਲੋਂ ਇਸ ਫ਼ਰਮ ਵਲੋਂ ਕੀਤੀ ਗਈ ਹਰ ਟ੍ਰਾਂਜ਼ੈਕਸ਼ਨ ਦੀ ਜਾਂਚ ਕੀਤੀ ਜਾ ਰਹੀ ਹੈ।



## ਜ਼ਰੂਰੀ ਬੇਨਤੀ

ਲੇਖਕਾਂ ਨੂੰ ਸਨਿਮਰ ਬੇਨਤੀ ਹੈ ਕਿ ਮਨ ਜਿੱਤ ਵਿਚ ਛਪਣ ਵਾਲੀਆਂ ਰਚਨਾਵਾਂ ਨੂੰ ਭੇਜਣ ਸਮੇਂ ਕ੍ਰਿਪਾ ਕਰ ਕੇ ਸਾਫ ਸੁਥਰਾ ਇਕ ਪਾਸੇ ਹੀ ਲਿਖਿਆ ਜਾਵੇ, ਬਹੁਤ ਸਾਰੀਆਂ ਰਚਨਾਵਾਂ ਇਕ ਵਾਰੀ ਭੇਜਣ ਦੀ ਬਜਾਇ ਇਕ ਸਮੇਂ ਇਕ ਹੀ ਰਚਨਾ ਭੇਜੀ ਜਾਵੇ ਅਤੇ ਜੇ ਮੇਰੇ ਪਿਆਰੇ ਲੇਖਕ ਬੁਰਾ ਨਾ ਮਨਾਉਣ ਤਾਂ ਜਿਹੜੀ ਰਚਨਾ ਮਨ ਜਿੱਤ ਨੂੰ ਭੇਜੀ ਹੈ, ਉਹ ਉਸੇ ਸਮੇਂ ਕਿਸੇ ਹੋਰ ਅਖ਼ਬਾਰ ਨੂੰ ਨਾ ਭੇਜੀ ਜਾਵੇ ਅਤੇ ਆਪਣਾ ਪੂਰਾ ਪਤਾ ਸੰਪਰਕ ਨੰਬਰ ਸਮੇਤ ਵੀ ਲਿਖੋ। ਮਨ ਜਿੱਤ ਅਦਾਰਾ ਤੁਹਾਡੇ ਇਸ ਸਹਿਯੋਗ ਲਈ ਅਤਿ ਧੰਨਵਾਦੀ ਹੋਵੇਗਾ।

-ਮੁੱਖ ਸੰਪਾਦਕ

MANN JITT WEEKLY

**Chief Patron:**
Mr. Balbir S, Lalli
B.A.(Hons),LLB(Hons),DIP M.R.S.
**Patrons:**
Mr.Kabaljit S. Sandhu(DBK Estate)
Mr.Dalbir S. Sandhu(Landmark Group)
Mr.Nirmal S. Rahal(O.T.L Mids.Ltd)
**Chief Adviser:**
Balbir S. Sekhon(Pamal)
**Advisers:**
Mr.K.S.S.Anand
Mr.Baldev S. Gill (Shere Punjab)
Mr.Shalbinder S. Mallee(Leamington)
Mr.Joginder S Dhesian Sang
Editor in Chief:Karam S. Karam
Editor:Karwinder S. Raikoti
**Features Editor:**
Manpreet Daroch
**General Manager:**
Raj Singh
**I.T. Manager:**
Tina Kaur
**Distribution Manager:**
Saab Bhati
**Co-ordinator:**
Mohan S. Mastana
**Advertisement:**
0121 526 6099

**Head Office:**
267 Darlaston Road,
Darlaston,West Mids WS10 7TG
www.mannjittweekly.co.uk
Email:mannjittweekly@aol.com
www.mannjittweeklyonline,com

# ਕੈਨੇਡਾ ’ਚ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਵਲੋਂ ਸਹੁੰ ਚੁੱਕਣ ਖ਼ਿਲਾਫ਼ ਦਰਜ ਮੁਕੱਦਮਾ ਖ਼ਾਰਿਜ

ਕੈਲਗਰੀ: ਕੈਨੇਡਾ ’ਚ ਇੱਕ ਜੱਜ ਨੇ ਲਾਅ ਦੇ ਇੱਕ ਸਿੱਖ ਵਿਦਿਆਰਥੀ ਵਲੋਂ ਦਾਇਰ ਉਸ ਚੁਣੌਤੀ ਨੂੰ ਖ਼ਾਰਿਜ ਕਰ ਦਿੱਤਾ ਹੈ, ਜਿਸ ਨੇ ਪਿਛਲੇ ਸਾਲ ਰਾਜਸ਼ਾਹੀ ਲਈ ਲਾਜ਼ਮੀ ਸਹੁੰ ਚੁੱਕਣ ਨੂੰ ਲੈ ਕੇ ਐਲਬਰਟਾ ਦੇ ਐਡਮੰਟਨ ਸ਼ਹਿਰ ਅਤੇ ਸੂਬੇ ’ਚ ਲਾਅ ਸੋਸਾਇਟੀ ਖ਼ਿਲਾਫ਼ ਮੁਕੱਦਮਾ ਕੀਤਾ ਸੀ। ਐਲਬਰਟਾ ’ਚ ਸੂਬਾਈ ਕਾਨੂੰਨ ਅਨੁਸਾਰ ਵਕੀਲਾਂ ਨੂੰ ਰਾਜ ਕਰਨ ਵਾਲੇ ਬਾਦਸ਼ਾਹ, ਉਨ੍ਹਾਂ ਦੇ ਵਾਰਿਸਾਂ ਅਤੇ ਉਤਰਾਧਿਕਾਰੀਆਂ ਪ੍ਰਤੀ ਵਫ਼ਾਦਾਰ ਹੋਣ ਅਤੇ ਸੱਚੀ ਵਫ਼ਾਦਾਰੀ ਦੀ ਸਹੁੰ ਚੁੱਕਣ ਦੀ ਲੋੜ ਹੁੰਦੀ ਹੈ।

CBC News ਅਨੁਸਾਰ ਲੇਖ ਲਿਖਣ ਵਾਲੇ ਵਿਦਿਆਰਥੀ ਅਤੇ ਇੱਕ ਅੰਮ੍ਰਿਤਧਾਰੀ ਸਿੱਖ ਪ੍ਰਬਜੋਤ ਸਿੰਘ ਵੜਿੰਗ ਨੇ ਆਪਣੇ ਮੁਕੱਦਮੇ ’ਚ ਕਿਹਾ ਸੀ ਕਿ ਰਾਜੇ ਪ੍ਰਤੀ ਲਾਜ਼ਮੀ ਸਹੁੰ ਚੁੱਕਣਾ ਉਸ ਦੇ ਧਾਰਮਿਕ ਵਿਸ਼ਵਾਸਾਂ ਦੇ ਉਲਟ ਹੋਵੇਗਾ। ਵੜਿੰਗ ਨੇ ਕਿਹਾ ਕਿ ਉਸ ਨੇ ਪੂਰਨ ਸਹੁੰ ਖਾਧੀ ਹੈ ਅਤੇ ਆਪਣੇ ਆਪ ਨੂੰ ਅਕਾਲ ਪੁਰਖ ਨੂੰ ਸੌਂਪ ਦਿੱਤਾ ਹੈ। ਇਸ ਲਈ ਉਹ ਕਿਸੇ ਹੋਰ ਹਸਤੀ ਜਾਂ ਪ੍ਰਭੁਸੱਤਾ ਪ੍ਰਤੀ ਅਜਿਹੀ ਵਫ਼ਾਦਾਰੀ ਨਹੀਂ ਕਰ ਸਕਦਾ ਹੈ। ਜਿਸ ਵੇਲੇ ਪ੍ਰਬਜੋਤ ਨੇ ਮੁਕੱਦਮਾ ਦਾਇਰ ਕੀਤਾ ਸੀ, ਉਸ ਸਮੇਂ ਮਹਾਰਾਣੀ ਐਲਿਜ਼ਾਬੈੱਥ-2 ਨੂੰ ਮਾਨਤਾ ਦਿੰਦੇ ਹੋਏ ਸਹੁੰ ਚੁੱਕਣੀ ਸੀ ਅਤੇ ਇਸ ਮਾਮਲੇ ਸਬੰਧੀ ਵੇਰਵਾ ਕੁਈਨਜ਼ ਬੈਂਚ ਦੀ ਅਦਾਲਤ ’ਚ ਸੁਣਿਆ ਗਿਆ ਸੀ।

ਕੱਲ੍ਹ ਸੁਣਾਏ ਗਏ ਫ਼ੈਸਲੇ ’ਚ ਪ੍ਰਬਜੋਤ ਦੇ ਮੁਕੱਦਮੇ ਨੂੰ ਖ਼ਾਰਿਜ ਕਰ ਦਿੱਤਾ ਗਿਆ। ਆਪਣੇ ਫ਼ੈਸਲੇ ’ਚ ਜਸਟਿਸ ਬਾਰਬਰਾ ਜੌਹਨਸਟਨ ਨੇ ਕਿਹਾ, “ਮੈਂ ਦੇਖਿਆ ਹੈ ਕਿ ਵਫ਼ਾਦਾਰੀ ਦੀ ਸਹੁੰ ਨੂੰ ਕਾਨੂੰਨ ਦੇ ਸ਼ਾਸ਼ਨ ਅਤੇ ਕੈਨੇਡੀਅਨ ਸੰਵਿਧਾਨਕ ਪ੍ਰਣਾਲੀ ਨੂੰ ਬਰਕਰਾਰ ਰੱਖਣ ਲਈ ਇੱਕ ਸਹੁੰ ਦੇ ਤੌਰ ’ਤੇ ਸਹੀ ਤਰ੍ਹਾਂ ਦਰਸਾਇਆ ਗਿਆ ਹੈ। ਜੱਜ ਮੁਤਾਬਿਕ, “ਵਫ਼ਾਦਾਰੀ ਦੀ ਸਹੁੰ ’ਚ ਰਾਣੀ ਦਾ ਹਵਾਲਾ ਕੇਵਲ ਇਹਨਾਂ ਕਦਰਾਂ-ਕੀਮਤਾਂ ਦੇ ਪ੍ਰਤੀਕ ਵਜੋਂ ਹੈ, ਨਾ ਕਿ ਇੱਕ ਰਾਜਨੀਤਕ ਜਾਂ ਧਾਰਮਿਕ ਹਸਤੀ ਵਜੋਂ।” ਲਾਅ ਸੋਸਾਇਟੀ ਨੇ ਪਿਛਲੇ ਸਾਲ ਇੱਕ ਬਿਆਨ ’ਚ ਕਿਹਾ ਸੀ ਕਿ ਇਹ ਮੁੱਦਾ ਸੂਬੇ ਦਾ ਹੈ ਕਿਉਂਕਿ ਕਿਸੇ ਵੀ ਬਦਲਾਅ ਲਈ ਕਾਨੂੰਨ ਹੋਣਾ ਲਾਜ਼ਮੀ ਹੈ।ਜੌਹਨਸਟਨ ਨੇ ਇਸ ਦਲੀਲ ਨਾਲ ਕੇਸ ਨੂੰ ਹੱਲ ਕਰਨ ਲਈ ਐਲਬਰਟਾ ਦੀ ਇੱਕ ਅਰਜ਼ੀ ਨੂੰ ਵੀ ਖ਼ਾਰਿਜ ਕਰ ਦਿੱਤਾ ਜੋ ਪਹਿਲਾਂ ਹੀ ਹੱਲ ਹੋ ਚੁੱਕਾ ਸੀ।

ASIAN ADVICE CENTRE
ਜੇ ਤੁਹਾਨੂੰ ਤੁਹਾਡੇ ਬਣਦੇ ਬੈਨੀਫਿਟਸ ਬਾਰੇ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਸਾਨੂੰ ਹੇਠ ਲਿਖੇ ਪਤੇ ਉਤੇ ਮਿਲੋ ਜਾਂ ਸੰਪਰਕ ਕਰੋ ਅਸੀਂ ਤੁਹਾਡੀ ਕਾਨੂੰਨ ਅਨੁਸਾਰ ਬਣਦੇ ਹੱਕ ਲੈਣ ਵਿੱਚ ਮਦਦ ਕਰ ਸਕਦੇ ਹਾਂ

Pesonal Independence Allowance (PIP)
Attendance Allowance (AA)
Job Seeker’s Allowance (JSA)
Employment Support Allowance (ESA)
We can advise you to get the right Benefits for which you are entitled.
For Further Enquiries Please
Contact: Mr. Singh or Mr. Khan 07966 137 043 between 1pm to 6pm
24 Chestnut Way, Wolverhampton,WV3 8AE

ਪਰਚੇ ਵਿਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਮਨ ਜਿੱਤ ਸਮੂਹ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।
Mann Jitt Ltd. aim to make sure all services provided by those who advertise in this publication are genuine. However we are not liable for the services they provide. Mann Jitt Ltd. does not endorse any products or services advertised in the publication. advertiser’s statements are independent of Mann Jitt Ltd. We do not accept responsibility for any unsolicited comments, photos or artwork. Mann Jitt Ltd. accepts no liability for any losses or damages occurred to any company, oraganisation or persons due to any advertisement or article in Mann Jitt weekly. Please seek legal advice before buying, hiring or contraction through any advertisements published.

# ਸਹੁਰਾ ਪਰਿਵਾਰ ਧੀ ਨੂੰ ਦਿੰਦਾ ਸੀ ਤਸੀਹੇ ਸੋ ਪਿਓ ਬੈਂਡ-ਵਾਜਿਆਂ ਨਾਲ ਲੈ ਆਇਆ ਵਾਪਿਸ

ਰਾਂਚੀ: ਇੱਕ ਪਿਤਾ ਨੇ ਅਜਿਹੀ ਮਿਸਾਲ ਪੇਸ਼ ਕੀਤੀ, ਜਿਸ 'ਤੇ ਹਰ ਭਾਰਤੀ ਨੂੰ ਮਾਣ ਹੋਵੇਗਾ। ਸਹੁਰੇ ਪਰਿਵਾਰ ਵਲੋਂ ਤੰਗ ਧੀ ਨੂੰ ਜਦੋਂ ਪਿਤਾ ਬੈਂਡ-ਬਾਜੇ ਨਾਲ ਵਾਪਿਸ ਘਰ ਲੈ ਕੇ ਆਏ ਤਾਂ ਪੂਰਾ ਪਿੰਡ ਦੇਖਦਾ ਰਹਿ ਗਿਆ ਜਿੱਥੇ ਸਾਡੀ ਰੂੜੀਵਾਦੀ ਸੋਚ ਨਾਲ ਧੀਆਂ ਨੂੰ ਸਹੁਰੇ ਘਰ 'ਚ ਕਿੰਨੀ ਹੀ ਪਰੇਸ਼ਾਨੀ ਕਿਉਂ ਨਾ ਹੋਵੇ ਪਰ ਮਾਤਾ-ਪਿਤਾ ਹਮੇਸ਼ਾ ਧੀ ਨੂੰ ਹੀ ਸਬਰ ਅਤੇ ਬਰਦਾਸ਼ਤ ਕਰਨ ਲਈ ਕਹਿੰਦੇ ਹਨ। ਉੱਥੇ ਹੀ ਇਹ ਪਿਤਾ ਜਦੋਂ ਸਹੁਰੇ ਪਰਿਵਾਰ 'ਚ ਧੀ ਨਾਲ ਹੋ ਰਹੇ ਅਨਿਆਂ ਨੂੰ ਦੇਖਦਾ ਹੈ ਤਾਂ ਉਹ ਬਹੁਤ ਧੂਮਧਾਮ ਨਾਲ ਧੀ ਨੂੰ ਵਾਪਿਸ ਪੇਕੇ ਲੈ ਕੇ ਆਇਆ। ਮਾਮਲਾ ਝਾਰਖੰਡ ਦੇ ਰਾਂਚੀ ਦਾ ਹੈ। ਜਿੱਥੇ 15 ਅਕਤੂਬਰ ਨੂੰ ਕੱਢੀ ਗਈ ਇਸ ਬਰਾਤ ਦੀ ਵੀਡੀਓ ਫ਼ੇਸਬੁੱਕ ਐਕਾਊਂਟ 'ਤੇ ਪੋਸਟ ਕੀਤੀ ਗਈ ਅਤੇ ਲਿਖਿਆ, "ਬਹੁਤ ਧੂਮਧਾਮ ਨਾਲ ਲੋਕ ਆਪਣੀਆਂ ਧੀਆਂ ਦਾ ਵਿਆਹ ਕਰਦੇ ਹਨ ਪਰ ਜੇਕਰ ਜੀਵਨ ਸਾਥੀ ਅਤੇ ਪਰਿਵਾਰ ਗ਼ਲਤ ਨਿਕਲਦਾ ਹੈ ਜਾਂ ਗ਼ਲਤ ਕੰਮ ਕਰਦਾ ਹੈ ਤਾਂ ਤੁਹਾਨੂੰ ਆਪਣੀ ਧੀ ਨੂੰ ਆਦਰ ਅਤੇ ਸਨਮਾਨ ਨਾਲ ਆਪਣੇ ਘਰ ਲਿਆਉਣਾ ਚਾਹੀਦਾ ਹੈ ਕਿਉਂਕਿ ਧੀਆਂ ਬਹੁਤ ਅਨਮੋਲ ਹੁੰਦੀਆਂ ਹਨ।"



ਉਨ੍ਹਾਂ ਦਾ ਦੋਸ਼ ਹੈ ਕਿ ਕੁੱਝ ਹੀ ਦਿਨਾਂ ਬਾਅਦ ਧੀ ਸਹੁਰੇ ਪਰਿਵਾਰ ਵਲੋਂ ਤੰਗ ਹੋਣ ਲੱਗੀ। ਪਤੀ ਉਸ ਨੂੰ ਜਦੋਂ ਦਿਲ ਕਰਦਾ ਘਰੋਂ ਬਾਹਰ ਕੱਢ ਦਿੰਦਾ। ਕਰੀਬ ਇੱਕ ਸਾਲ ਤੱਕ ਇਹ ਸਿਲਸਿਲਾ ਚਲਿਆ। ਬਾਅਦ 'ਚ ਧੀ ਸਾਕਸ਼ੀ ਨੂੰ ਪਤਾ ਲੱਗਾ ਕਿ ਜਿਸ ਸ਼ਖ਼ਸ ਨਾਲ ਉਸ ਦਾ ਵਿਆਹ ਹੋਇਆ ਹੈ, ਉਸ ਦੇ ਪਹਿਲਾਂ ਤੋਂ ਦੋ ਵਿਆਹ ਹੋ ਚੁੱਕੇ ਸਨ। ਜਦੋਂ ਇਹ ਗੱਲ ਪੇਕੇ ਵਾਲਿਆਂ ਨੂੰ ਪਤਾ ਲੱਗੀ ਤਾਂ ਪਿਤਾ ਨੇ ਸਹੁਰੇ ਪਰਿਵਾਰ ਤੋਂ ਬੈਂਡ ਬਾਜੇ ਅਤੇ ਆਤਿਸ਼ਬਾਜ਼ੀ ਨਾਲ ਬਾਰਾਤ ਕੱਢੀ ਅਤੇ ਧੀ ਨੂੰ ਵਾਪਿਸ ਪੇਕੇ ਲੈ ਆਇਆ। ਪ੍ਰੇਮ ਗੁਪਤਾ ਨੇ ਹੋਣ ਦੀ ਖ਼ੁਸ਼ੀ 'ਚ ਉਨ੍ਹਾਂ ਨੇ ਇਹ ਕਿਹਾ ਕਿ ਧੀ ਦੇ ਸ਼ੋਸ਼ਣ ਤੋਂ ਮੁਕਤ ਕਦਮ ਚੁੱਕਿਆ।

## ਸੰਪਾਦਕ ਦੇ ਨਾਂ ਖ਼ਤ



ਵੀਰ ਕਰਮ ਸਿੰਘ ਜੀ,

ਗੁਰ ਫਤਿਹ ਪ੍ਰਵਾਨ ਹੋਵੇ ਜੀ।

'ਮਨਜਿੱਤ' ਲਗਾਤਾਰ ਮਿਲ ਰਿਹਾ ਹੈ। ਆਪ ਜੀ ਦੇ ਸਿਰੜ ਨੂੰ ਪ੍ਰਣਾਮ। ਇਸ ਹਫ਼ਤੇ ਦੇ 'ਮਨਜਿੱਤ' ਵਿਚ ਆਪ ਜੀ ਦੀ ਕਵਿਤਾ 'ਪੁੱਤ ਤਾਂ ਰਹੂਗਾ ਉਹ ਜਗਤੇ' ਦਾ' ਪੜ੍ਹੀ। ਆਪ ਜੀ ਦੀ ਹਰੇਕ ਕਵਿਤਾ ਵਿਚ ਹੀ ਭਾਈਚਾਰਕ ਏਕਤਾ, ਮਿਲਵਰਤਨ, ਸਮਾਜਕ ਰਿਸ਼ਤਿਆਂ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਪਹਿਲ ਦੇਣ ਵਾਲੇ ਵਿਚਾਰ ਹੁੰਦੇ ਹਨ। ਇਹ ਕਵਿਤਾ ਵੀ ਬਹੁਤ ਹੀ ਸੰਵੇਦਨਸ਼ੀਲ ਸੰਦੇਸ਼ ਦਿੰਦੀ ਹੈ। ਗੁਰਬਾਣੀ ਅਨੁਸਾਰ, " ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ' ਦਾ ਸੁਨੇਹਾ ਇਹ ਕਵਿਤਾ ਦਿੰਦੀ ਹੈ ਕਿ ਮਨੁੱਖ ਭਾਵੇਂ ਜਿੱਥੇ ਵੀ ਮਰਜ਼ੀ ਪੈਦਾ ਹੋਇਆ ਹੋਵੇ ਜੇ ਉਹ ਚਾਹਵੇ ਤਾਂ ਆਪਣਾ ਜੀਵਨ ਸੁਚੱਜਾ ਬਣਾ ਕੇ ਸਮਾਜ ਨੂੰ ਵੀ ਸਹੀ ਸੇਧ ਦੇ ਸਕਦਾ ਹੈ। ਮਨੁੱਖਾ ਜੀਵਨ ਦਾ ਮਨੋਰਥ ਵੀ ਇਹੋ ਹੈ ਤੇ ਹੋਣਾ ਵੀ ਚਾਹੀਦਾ ਹੈ। 'ਜੀਉ ਅਤੇ ਜੀਣ ਦਿਉ' ਦੇ ਕਥਨ 'ਤੇ ਚਲਕੇ ਇਸ ਸਮਾਜ ਨੂੰ ਹੀ ਸਵਰਗ ਦਾ ਰੂਪ ਦਿਤਾ ਜਾ ਸਕਦਾ ਹੈ।

ਵਾਹਿਗੁਰੂ ਆਪ ਜੀ ਦੀ ਕਲਮ ਨੂੰ ਹੋਰ ਵੀ ਬਲ ਬਖ਼ਸ਼ੇ।

**ਦਾਸਰਾ**
**ਨਿਰਮਲ ਸਿੰਘ ਕੰਧਾਲਵੀ**

---------------

ਸ. ਨਿਰਮਲ ਸਿੰਘ ਕੰਧਾਲਵੀ ਸਾਹਿਬ,

ਸਤਿ ਸ਼੍ਰੀ ਅਕਾਲ।

ਤੁਹਾਡਾ ਤਹਿ ਦਿਲੋਂ ਧੰਨਵਾਦ ਹੈ ਉਨ੍ਹਾਂ ਸਭ ਸ਼ਬਦਾਂ ਨਾਲ ਜਿਹੜੇ ਪੰਜਾਬੀ ਵਰਣ ਮਾਲਾ ਤੋਂ ਤੁਹਾਡੀ ਓਸਤਤਿ ਵਿੱਚ ਬਣ ਸਕਦੇ ਹਨ। ਤੁਹਾਡੇ ਵਿਚਾਰ ਤੁਹਾਡੀ ਮਨ ਦੀ ਨਿਰਮਲਤਾ ਅਤੇ ਨਿਰਪੱਖ ਸੋਚ ਨੂੰ ਦਰਸਾਉਂਦੇ ਹਨ ਜਿਹੜੇ ਕਿ ਸੱਚੀ ਸਾਹਿਤਕਾਰੀ ਦਾ ਸਬੂਤ ਹਨ।

ਮੇਰੇ ਵੀਰ ਇਸੇ ਤਰ੍ਹਾਂ ਸੱਚ ਨੂੰ ਸਲਾਹੁੰਦੇ ਰਹੋ ਅਤੇ ਜਿਉਂਦੇ ਵਸਦੇ ਰਹੋ।

**ਮੁੱਖ ਸੰਪਾਦਕ**
**ਕਰਮ ਸਿੰਘ 'ਕਰਮ'**



ਸਿੱਖ ਪੰਥ ਦੇ ਸੱਚੇ ਸੇਵਾਦਾਰ ਅਤੇ ਉੱਘੇ ਕਵੀ ਹੋਣ ਦੇ ਨਾਲ ਸਮਾਜ ਸੇਵੀ ਅਤੇ ਕਿਤਾਬਾਂ ਦੇ ਰਚੇਤਾ, ਸ. ਸੁਖਵਿੰਦਰ ਸਿੰਘ ਗਿੱਲ ਲੈਸਟਰ ਨਿਵਾਸੀ ਹੁਰਾਂ ਦੀ ਵੀ ਫੋਨ ਤੇ ਪਿਆਰ ਭਰਿਆ ਸੁਨੇਹਾਂ ਆਇਆ ਕਿ ਕਰਮ ਸਿੰਘ ਜੀ, ਵੈਸੇ ਤਾਂ ਤੁਹਾਡੀ ਹਰ ਰਚਨਾ ਸਿੱਖਿਆਦਾਇਕ ਹੁੰਦੀ ਹੈ ਪਰ ਜਿਹੜੀ ਕਵਿਤਾ ਤੁਹਾਡੀ ਪਿਛਲੇ ਅੰਕ ਦੇ ਪੰਨਾ 10 ਤੇ " ਪੁੱਤ ਤਾਂ ਰਹੂਗਾ ਉਹ 'ਜਗਤੇ'ਦਾ" ਛਪੀ ਹੈ ਉਹ ਬਹੁਤ ਹੀ ਸਰਲ ਸ਼ਬਦਾਂ ਵਿੱਚ ਇਸ ਚੀਜ਼ ਦੀ ਵਿਆਖਿਆ ਕਰਦੀ ਹੈ ਕਿ ਕਿਸੇ ਵੀ ਪ੍ਰੀਵਾਰ ਦਾ ਕੋਈ ਵੀ ਮੈਂਬਰ ਪੜ੍ਹ ਲਿਖਕੇ ਚੰਗੇ ਵਿਚਾਰਾਂ ਦਾ ਧਾਰਨੀ ਬਣ ਜਾਂਦਾ ਹੈ ਅਤੇ ਉਸ ਦੇ ਗੌਰਵਮਈ ਜੀਵਨ ਨੂੰ ਦੇਖ ਕੇ ਹੋਰ ਵੀ ਉਸ ਵਾਂਗ ਜਿਉਣਾ ਸ਼ੁਰੂ ਕਰ ਦਿੰਦੇ ਹਨ ਤਾਂ ਇਸਦਾ ਮਤਲਬ ਇਹ ਤਾਂ ਨਹੀਂ ਕਿ ਉਨ੍ਹਾਂ ਦਾ ਜਨਮ ਦਾਤਿਆਂ ਅਤੇ ਬਾਕੀ ਪ੍ਰੀਵਾਰ ਨਾਲੋਂ ਰਿਸ਼ਤਾ ਜਾਂ ਸਾਂਝ ਖਤਮ ਹੋ ਜਾਂਦੀ ਹੈ ਸਗੋਂ ਤੁਸੀਂ ਕਵਿਤਾ ਰਾਹੀਂ ਸਾਂਝ ਨੂੰ ਹੋਰ ਪਕੇਰਾ ਕਰਨ ਦੀ ਜੁਗਤ ਦੱਸੀ ਹੈ। ਇਸੇ ਤਰ੍ਹਾਂ ਲਿਖਦੇ ਰਹੋ ਕੋਈ ਨਾ ਕੋਈ ਤਾਂ ਇਨ੍ਹਾਂ ਨੂੰ ਪੜ੍ਹਕੇ ਆਪਣਾ ਜੀਵਨ ਸ਼ਾਨਦਾਰ ਬਣਾ ਲਏਗਾ।

**ਮੁੱਖ ਸੰਪਾਦਕ**

## ਹੌਲਦਾਰ ਨੂੰ ਮਾਰਨ ਵਾਲਾ ਕਬੱਡੀ ਖਿਡਾਰੀ ਮੁਕਾਬਲੇ ਮਗਰੋਂ ਗ੍ਰਿਫ਼ਤਾਰ

ਬਰਨਾਲਾ: ਸਥਾਨਕ 25 ਏਕੜ 'ਚ ਕਬੱਡੀ ਖਿਡਾਰੀਆਂ ਵਲੋਂ ਪੰਜਾਬ ਪੁਲੀਸ ਦੇ ਹੌਲਦਾਰ ਦਾ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਕਬੱਡੀ ਖਿਡਾਰੀ ਪੰਮਾ ਠੀਕਰੀਵਾਲ ਆਪਣੇ ਤਿੰਨ ਸਾਥੀਆਂ ਨਾਲ 25 ਏਕੜ ਵਿਖੇ ਇੱਕ ਚਿਕਨ ਕੌਰਨਰ 'ਤੇ ਸ਼ਰਾਬ ਪੀ ਰਿਹਾ ਸੀ, ਅਤੇ ਇਸੇ ਦੌਰਾਨ ਉੱਥੇ ਝਗੜਾ ਹੋ ਗਿਆ ਜਿਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਮੌਕੇ 'ਤੇ ਹੌਲਦਾਰ ਦਰਸ਼ਨ ਸਿੰਘ ਤਫ਼ਤੀਸ਼ ਕਰਨ ਲਈ ਪੁੱਜਾ ਤਾਂ ਉਸ ਦੀ ਕਬੱਡੀ ਖਿਡਾਰੀ ਪੰਮਾ ਅਤੇ ਉਸ ਦੇ ਸਾਥੀਆਂ ਨਾਲ ਇਸ ਗੱਲ ਨੂੰ ਲੈ ਕੇ ਬਹਿਸ ਹੋ ਗਈ। ਇਸ ਦੌਰਾਨ ਹੌਲਦਾਰ ਉਨ੍ਹਾਂ ਸਾਰਿਆਂ ਨੂੰ ਥਾਣੇ ਚੱਲਣ ਲਈ ਕਿਹਾ ਤਾਂ ਕਬੱਡੀ ਖਿਡਾਰੀ ਪੰਮਾ ਅਤੇ ਉਸ ਦੇ ਤਿੰਨ ਸਾਥੀਆਂ ਨੇ ਹੌਲਦਾਰ ਦਰਸ਼ਨ ਸਿੰਘ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਜ਼ਮੀਨ 'ਤੇ ਸੁੱਟ ਲਿਆ।



ਇਸ ਕੁੱਟਮਾਰ 'ਚ ਹੌਲਦਾਰ ਦਰਸ਼ਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਭਾਰੀ ਪੁਲੀਸ ਫ਼ੋਰਸ ਮੌਕੇ 'ਤੇ ਪੁੱਜ ਗਈ ਅਤੇ ਲਾਸ਼ ਨੂੰ ਸਿਵਲ ਹਸਪਤਾਲ ਦੀ ਮੋਰਚਰੀ 'ਚ ਰੱਖ ਦਿੱਤਾ। ਪੁਲੀਸ ਨੇ ਦੋਸ਼ੀਆਂ ਨੂੰ ਫ਼ੜਨ ਲਈ ਪਿੰਡ ਠੀਕਰੀਵਾਲ 'ਚ ਘੇਰਾ ਪਾ ਲਿਆ।

ਖ਼ਬਰ ਛਪਣ ਵੇਲੇ ਤਕ ਹੌਲਦਾਰ ਨੂੰ ਕਤਲ ਕਰਨ ਵਾਲੇ ਸਾਰੇ ਕਬੱਡੀ ਖਿਡਾਰੀਆਂ ਨੂੰ ਪੁਲੀਸ ਨੇ ਵਾਰਦਾਤ ਦੇ 24 ਘੰਟਿਆਂ ਦੇ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਸੀ। ਸੂਤਰਾਂ ਮੁਤਾਬਕ ਪੰਮਾ ਦੀ ਲੱਤ 'ਚ ਗੋਲੀ ਲੱਗੀ ਹੈ ਅਤੇ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ ਜਿਸ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ। ਪੁਲੀਸ ਨੇ ਵਾਰਦਾਤ 'ਚ ਸ਼ਾਮਿਲ ਪੰਮਾ ਠੀਕਰੀਵਾਲ ਦੇ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦੇਣ ਲਈ ਬਰਨਾਲਾ ਪੁਲੀਸ ਨੇ ਇੱਕ ਪ੍ਰੈੱਸ ਕਾਨਫਰੰਸ ਕੀਤੀ। ਦੂਜੇ ਪਾਸੇ DGP ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਪੁਲੀਸ ਨੇ ਮੁਕਾਬਲੇ ਤੋ ਬਾਅਦ ਹੌਲਦਾਰ ਦਾ ਕਤਲ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।


ਜੇ ਤੁਸੀਂ ਹੇਠ ਲਿਖੀਆਂ ਤਕਲੀਫਾਂ:-



ਜਿਵੇਂ ਧਰੁਨ, ਚੁੱਕ, ਸਲਿੱਪ ਡਿਸਕ, ਜੋੜਾਂ ਦਾ ਉਤਰਨਾ, ਬੈਕ ਜਾਂ ਗਰਦਨ ਦੀ ਤਕਲੀਫ, ਮਾਈਗ੍ਰੇਨ, ਸਿਰ ਦਰਦ, ਸਟਰੈੱਸ ਜਾਂ ਐਂਗਜ਼ਾਇਟੀ, ਬਲੱਡ ਸਰਕੂਲੇਸ਼ਨ ਜਾਂ ਮਰਦਾਨਾ ਕਮਜ਼ੋਰੀ ਆਦਿ ਤੋਂ ਪੀੜਤ ਹੋ।

ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।



Mr. Singh 07721 827 977

ਇਹ ਸੇਵਾ ਤੁਹਾਡੇ ਘਰ ਆਕੇ ਵੀ ਕੀਤੀ ਜਾ ਸਕਦੀ ਹੈ।
ਦੇਖਿਓ ਕਿਵੇਂ ਫਾਇਦਾ ਪਹੁੰਚਦਾ।
ਸਾਨੂੰ ਜੱਦੀ ਬਖ਼ਸ਼ ਹੈ।

ਸਕਾਈਵੇਜ਼ ਟਰੈਵਲ ਬਰਮਿੰਘਮ

ਅਸੀਂ ਦੁਨੀਆਂ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਦੇ ਨਾਲ ਨਾਲ ਹੇਠ ਲਿਖੀਆਂ ਸੇਵਾਵਾਂ ਵੀ ਦਿੰਦੇ ਹਾਂ ਜਿਵੇਂ:-



1. SPONSORSHIP DECLARATION.
2. Accommodation arrangement Worldwide.
3. Affidavits. Wills. Power of Attorneys.
4. Certify Documents.

ਅਸੀਂ ਤੁਹਾਨੂੰ ਸਹੀ ਸਰਕਾਰੀ ਭੱਤੇ ਜਾਂ ਫਾਇਦੇ ਦਿਵਾਉਣ ਵਿੱਚ ਮੱਦਦ ਕਰ ਸਕਦੇ ਹਾਂ ਜਿਨ੍ਹਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਨਹੀਂ ਅਤੇ ਬਣਦੇ ਫਾਇਦਿਆਂ ਤੋਂ ਵਾਂਝੇ ਹੋ।
ਇਹ ਫਾਇਦਾ ਉਠਾਉਣ ਜਾਂ ਸਲਾਹ ਲੈਣ ਲਈ Mr. Khan ਨੂੰ ਇਸ ਨੰਬਰ ਤੇ 07966 137 043 ਜਾਂ Mr. Sandhi ਨੂੰ 07960 518 986 ਤੇ ਸੰਪਰਕ ਕਰੋ।

SKYWAYS TRAVEL BIRMINGHAM LTD.
274B Soho Road, Handsworth B21 9LX
Contact: Mr. & Mrs. Sandhi
Email:skywaystravel1007@hotmail.com
Tel:0121 523 3050(3lines) Or 08456 441 740(3lines)

# ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਬਾਰੇ ਦਿੱਲੀ ਸਰਕਾਰ ਨੇ ਚੁੱਕੇ ਸਵਾਲ

ਨਵੀਂ ਦਿੱਲੀ: 1993 ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰ ਪਾਲ ਸਿੰਘ ਭੁੱਲਰ ਵਲੋਂ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਵਾਲੀ ਪਟੀਸ਼ਨ ਦਾ ਦਿੱਲੀ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਵਿਰੋਧ ਕੀਤਾ। ਸਰਕਾਰ ਨੇ ਕਿਹਾ ਕਿ ਭੁੱਲਰ ਨੂੰ ਦਿੱਲੀ ਦੀ ਅਦਾਲਤ ਨੇ ਸਜ਼ਾ ਸੁਣਾਈ ਸੀ ਅਤੇ ਅਜਿਹੇ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਇਹ ਪਟੀਸ਼ਨ ਕਾਨੂੰਨੀ ਨਹੀਂ।

ਸੁਣਵਾਈ ਦੌਰਾਨ ਦਿੱਲੀ ਸਰਕਾਰ ਦੇ ਵਕੀਲ ਨੇ ਕਿਹਾ ਕਿ ਭੁੱਲਰ ਅਪਰਾਧ ਮਗਰੋਂ ਇੱਥੇ ਪਟੀਸ਼ਨ ਦਾਇਰ ਨਹੀਂ ਕਰ ਸਕਦਾ। ਮੁਕੱਦਮਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਅਧਿਕਾਰ ਖੇਤਰ ਦੇ ਅਧੀਨ ਅਦਾਲਤ 'ਚ ਨਹੀਂ ਸੀ ਚੱਲ ਰਿਹਾ, ਇਸ ਲਈ ਉਸ ਵਲੋਂ ਦਾਇਰ ਪਟੀਸ਼ਨ ਸੁਣਵਾਈ ਯੋਗ ਨਹੀਂ। ਹਾਈਕੋਰਟ ਨੇ ਦਿੱਲੀ ਸਰਕਾਰ ਦਾ ਪੱਖ ਸੁਣਨ ਮਗਰੋਂ ਸੁਣਵਾਈ ਮੁਲਤਵੀ ਕਰ ਦਿੱਤੀ।

ਜਸਟਿਸ ਜੇ. ਐੱਸ ਬੇਦੀ ਦੀ ਅਦਾਲਤ ਨੇ ਸੁਣਵਾਈ ਦੀ ਅਗਲੀ ਤਰੀਕ 23 ਨਵੰਬਰ ਤੈਅ ਕਰਦੇ ਹੋਏ ਭੁੱਲਰ ਦੇ ਵਕੀਲ ਨੂੰ ਇਸ ਸਬੰਧ 'ਚ ਦਿੱਲੀ ਸਰਕਾਰ ਵਲੋਂ ਦਿੱਤੇ ਫ਼ੈਸਲੇ ਦਾ ਜਵਾਬ ਦੇਣ ਲਈ ਕਿਹਾ ਹੈ।

16 ਅਗਸਤ ਨੂੰ ਦਿੱਲੀ ਸਰਕਾਰ ਨੇ ਅਦਾਲਤ 'ਚ ਦੱਸਿਆ ਸੀ ਕਿ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਮਾਮਲੇ 'ਚ ਚਾਰ ਹਫ਼ਤਿਆਂ ਦੇ ਅੰਦਰ ਫ਼ੈਸਲਾ ਕੀਤਾ ਜਾਵੇਗਾ। ਇਹ ਮਾਮਲਾ ਸਜ਼ਾ ਸਮੀਖਿਆ ਬੋਰਡ (SRB) ਦੇ ਸਾਹਮਣੇ ਵਿਚਾਰ ਅਧੀਨ ਹੈ, ਅਤੇ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਹਮਣੇ ਕਾਰਵਾਈ ਨੂੰ ਬਰਕਰਾਰ ਰੱਖਣ ਦੇ ਮੁੱਦੇ 'ਤੇ ਦਿੱਲੀ ਸਰਕਾਰ ਵਲੋਂ ਸਵਾਲ ਚੁੱਕੇ ਗਏ।



ਇਹ ਮਾਮਲਾ 2022 ਤੋਂ ਪੈਂਡਿੰਗ ਹੈ ਜਦੋਂ ਭੁੱਲਰ ਨੇ ਉਸ ਹੁਕਮ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ ਜਿਸ ਤਹਿਤ ਉਸ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਬੇਨਤੀ ਨੂੰ ਨਾ-ਮਨਜ਼ੂਰ ਕਰ ਦਿੱਤਾ ਗਿਆ ਸੀ। ਪਟੀਸ਼ਨ ਮੁਤਾਬਿਕ ਉਹ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਹ ਪਹਿਲਾਂ ਹੀ 27 ਸਾਲ ਤੋਂ ਵੱਧ ਦੀ ਸਜ਼ਾ ਪੂਰੀ ਕਰ ਚੁੱਕਾ ਹੈ। ਪਟੀਸ਼ਨ 'ਚ ਕਿਹਾ ਗਿਆ ਕਿ ਉਸ ਦੀ ਰਿਹਾਈ ਦੀ ਮਨਜ਼ੂਰੀ ਲਈ ਉਸ ਦੇ ਕੇਸ ਨੂੰ ਵਿਵੇਕਸ਼ੀਲ ਦਿਮਾਗ ਦੀ ਵਰਤੋਂ ਕੀਤੇ ਬਿਨਾਂ ਵਾਰ-ਵਾਰ ਮੁਲਤਵੀ ਕੀਤਾ ਗਿਆ ਹੈ।

ਦੱਸ ਦੇਈਏ ਕਿ ਭੁੱਲਰ 'ਤੇ 1993 'ਚ ਦਿੱਲੀ ਬੰਬ ਧਮਾਕਿਆਂ ਦੇ ਸਬੰਧ 'ਚ ਖਾੜਕੂ ਗਤੀਵਿਧੀਆਂ (ਰੋਕੂ) ਐਕਟ (ਟਾਡਾ) ਅਤੇ ਹੋਰ ਸਬੰਧਤ ਕਾਨੂੰਨਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। 2001 'ਚ ਭੁੱਲਰ ਨੂੰ ਦਿੱਲੀ ਦੀ ਇਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ। ਜਿਸ ਨੂੰ ਸੁਪਰੀਮ ਕੋਰਟ ਨੇ 2014 'ਚ ਉਮਰ ਕੈਦ 'ਚ ਬਦਲ ਦਿੱਤਾ ਸੀ।

## BC ਗੁਰਦੁਆਰਾ ਕਮੇਟੀਆਂ ਵਲੋਂ ਵੀਜ਼ਾ ਔਕੜਾਂ ਦੇ ਹੱਲ ਲਈ ਬੇਨਤੀ ਪੱਤਰ ਜਾਰੀ

ਵੈਨਕੂਵਰ: ਬ੍ਰਿਟਿਸ਼ ਕੋਲੰਬੀਆ ਦੀਆਂ ਕੁੱਝ ਗੁਰਦੁਆਰਾ ਕਮੇਟੀਆਂ ਨੇ ਭਾਰਤ ਦੇ ਵਿਦੇਸ਼ ਮੰਤਰੀ ਨੂੰ ਲਿਖੇ ਇੱਕ ਪੱਤਰ 'ਚ ਕੈਨੇਡਾ ਤੋਂ ਭਾਰਤ ਲਈ ਮੁਅੱਤਲ ਕੀਤੀਆਂ ਵੀਜ਼ਾ ਸੇਵਾਵਾਂ ਤੁਰੰਤ ਚਾਲੂ ਕਰਨ ਦੀ ਮੰਗ ਕੀਤੀ ਹੈ। ਪੱਤਰ 'ਚ ਵਤਨ ਗੇੜੀ ਮਾਰਨ ਵਾਲਿਆਂ ਨੂੰ ਦਰਪੇਸ਼ ਔਕੜਾਂ ਬਾਰੇ ਜਾਣੂ ਕਰਾਇਆ ਗਿਆ ਹੈ।

ਖ਼ਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਦੇ ਦਸਤਖ਼ਤਾਂ ਹੇਠ ਜਾਰੀ ਇਸ ਪੱਤਰ ਨਾਲ ਸੂਬੇ ਦੀਆਂ 15 ਹੋਰ ਗੁਰਦੁਆਰਾ ਕਮੇਟੀਆਂ ਦੀ ਸੂਚੀ ਨੱਥੀ ਕਰ ਕੇ ਇਸ ਦੇ ਇੱਕ ਸਾਂਝੀ ਮੰਗ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਮੰਗ ਪੱਤਰ ਦੀ ਕਾਪੀ ਵੈਨਕੂਵਰ ਸਥਿੱਤ ਭਾਰਤੀ ਕੌਂਸਲੇਟ ਮੁਨੀਸ਼ ਕੁਮਾਰ ਨੂੰ ਵੀ ਭੇਜੀ ਗਈ ਹੈ। ਪੱਤਰ 'ਚ ਈ-ਵੀਜ਼ਾ ਸੇਵਾ ਅਤੇ ਆਊਟ ਸੋਰਸ (BLS) ਏਜੰਸੀ ਰਾਹੀਂ ਦਿੱਤੀਆਂ ਜਾਂਦੀਆਂ ਸੇਵਾਵਾਂ ਤੁਰੰਤ ਚਾਲੂ ਕਰ ਕੇ ਭਾਰਤ ਯਾਤਰਾ ਅਤੇ ਵਪਾਰਕ ਰੁਕਾਵਟਾਂ ਦੂਰ ਕਰਨ ਦੀ ਮੰਗ ਦੁਹਰਾ ਕੇ ਵਿਦੇਸ਼ ਮੰਤਰੀ ਵਲੋਂ ਗੌਰ ਕਰਨ ਦਾ ਭਰੋਸਾ ਪ੍ਰਗਟ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਰੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤੇ ਵੱਖਵਾਦੀ ਸੋਚ ਵਾਲੇ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਦੀ ਸੂਈ ਭਾਰਤੀ ਖ਼ੁਫ਼ੀਆ ਏਜੰਸੀਆਂ ਵੱਲ ਸੇਧਤ ਹੋਣ ਮਗਰੋਂ ਕੈਨੇਡਾ-ਭਾਰਤ ਸਬੰਧਾਂ 'ਚ ਪੈਦਾ ਹੋਏ ਤਨਾਅ ਕਰ ਕੇ ਭਾਰਤ ਸਰਕਾਰ ਨੇ ਕੈਨੇਡਾ ਤੋਂ ਭਾਰਤ ਲਈ ਵੀਜ਼ਾ ਸੇਵਾਵਾਂ ਮੁਅੱਤਲ ਕੀਤੀਆਂ ਹੋਈਆਂ ਹਨ ਜਿਸ ਕਾਰਨ ਭਾਰਤ ਜਾਣ ਵਾਲੇ ਲੋਕ ਕਾਫ਼ੀ ਦਿੱਕਤ ਮਹਿਸੂਸ ਕਰ ਰਹੇ ਹਨ। ਕੁੱਝ ਲੋਕ ਅਮਰੀਕਾ ਦੇ ਸ਼ਹਿਰਾਂ 'ਚ ਸਥਿਤ ਭਾਰਤੀ ਸਫ਼ਾਰਤਖਾਨਿਆਂ ਰਾਹੀਂ ਵੀਜ਼ੇ ਲਵਾ ਰਹੇ ਹਨ ਜੋ ਪਰੇਸ਼ਾਨੀਆਂ ਭਰਿਆ ਅਤੇ ਖ਼ਰਚੀਲਾ ਯਤਨ ਸਾਬਿਤ ਹੋ ਰਿਹਾ ਹੈ। ਨੱਥੀ ਕੀਤੀ ਕਮੇਟੀਆਂ ਦੀ ਸੂਚੀ 'ਚ ਸਰੀ ਗੁਰਦੁਆਰਾ ਕਮੇਟੀ ਦਾ ਨਾਂ ਸ਼ਾਮਿਲ ਨਹੀਂ।

# ਕੈਨੇਡਾ ਦੇ ਡਿਪਲੋਮੈਟਾਂ ਨੂੰ ਕੱਢ ਕੇ ਪੰਜਾਬੀਆਂ ਦੀ ਜ਼ਿੰਦਗੀ ਕੀਤੀ ਔਖੀ - ਟਰੂਡੋ

ਔਟਵਾ: ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ 41 ਕੈਨੇਡੀਆਈ ਡਿਪਲੋਮੈਟਾਂ ਦੀ ਡਿਪਲੋਮੇਸੀ ਛੋਟ ਰੱਦ ਕਰ ਕੇ ਭਾਰਤ ਸਰਕਾਰ ਭਾਰਤ ਅਤੇ ਕੈਨੇਡਾ 'ਚ ਲੱਖਾਂ ਲੋਕਾਂ ਦੇ ਲਈ ਜ਼ਿੰਦਗੀ ਨੂੰ ਆਮ ਤੌਰ 'ਤੇ ਜਾਰੀ ਰੱਖਣਾ ਔਖਾ ਬਣਾ ਰਹੀ ਹੈ, ਅਤੇ ਉਹ ਕੂਟਨੀਤੀ ਦੇ ਬਹੁਤ ਹੀ ਬੁਨਿਆਦੀ ਸਿਧਾਂਤ ਦੀ ਉਲੰਘਣਾ ਕਰ ਰਹੀ ਹੈ। ਉਨ੍ਹਾਂ ਕਿਹਾ, "ਭਾਰਤ ਸਰਕਾਰ ਦੇ ਇਸ ਫ਼ੈਸਲੇ ਨਾਲ ਮੈਂ ਉਨ੍ਹਾਂ ਲੱਖਾਂ ਕੈਨੇਡੀਆਈ ਲੋਕਾਂ ਦੀ ਭਲਾਈ ਅਤੇ ਖ਼ੁਸ਼ੀ ਲਈ ਬਹੁਤ ਚਿੰਤਤ ਹਾਂ ਜਿਨ੍ਹਾਂ ਦਾ ਪਿਛੋਕੜ ਭਾਰਤੀ ਉੱਪ ਮਹਾਦੀਪ ਤੋਂ ਹੈ।" ਉਨ੍ਹਾਂ ਦਾ ਸੰਕੇਤ ਖ਼ਾਸ ਕਰ ਕੇ ਕੈਨੇਡਾ 'ਚ ਵੱਸੇ ਲੱਖਾਂ ਪੰਜਾਬੀਆਂ ਵੱਲ ਸੀ।

ਬਰੈਂਪਟਨ 'ਚ ਇੱਕ ਟੈਲੀਵਾਈਜ਼ਡ ਪ੍ਰੈੱਸ ਕਾਨਫ਼ਰੰਸ 'ਚ ਟਰੂਡੋ ਨੇ ਕਿਹਾ ਕਿ ਕੈਨੇਡੀਆਈ ਡਿਪਲੋਮੈਟਾਂ 'ਤੇ ਭਾਰਤ ਸਰਕਾਰ ਦੀ ਕਾਰਵਾਈ ਨਾਲ ਵਿਸ਼ਵ ਦੇ ਸਾਰੇ ਦੇਸ਼ਾਂ ਨੂੰ ਬੜਾ ਚਿੰਤਤ ਹੋਣਾ ਚਾਹੀਦਾ ਹੈ। ਟਰੂਡੋ ਦੀ ਇਹ ਟਿੱਪਣੀ ਕੈਨੇਡਾ ਦੇ ਇਹ ਕਹਿਣ ਦੇ ਬਾਅਦ ਆਈ ਹੈ ਕਿ ਉਸ ਨੇ ਆਪਣੇ 41 ਡਿਪਲੋਮੈਟਾਂ ਦਾ ਦਰਜਾ ਰੱਦ ਕਰਨ ਦੇ ਭਾਰਤੀ ਬਿਆਨ ਦੇ ਬਾਅਦ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ 42 ਆਸ਼ਰਿਤਾਂ ਨੂੰ ਭਾਰਤ ਤੋਂ ਵਾਪਿਸ ਬੁਲਾ ਲਿਆ ਹੈ। ਕੈਨੇਡਾ ਦੀ ਵਿਦੇਸ਼ ਮੰਤਰੀ ਮੈਲਨੀ ਜੋਲੀ ਨੇ ਕਿਹਾ, "ਮੈਂ ਪੁਸ਼ਟੀ ਕਰ ਸਕਦੀ ਹਾਂ ਕਿ ਭਾਰਤ ਨੇ 20 ਅਕਤੂਬਰ ਤਕ ਦਿੱਲੀ 'ਚ 21 ਕੈਨੇਡੀਆਈ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਛੱਡ ਕੇ ਸਾਰਿਆਂ ਲਈ ਅਨੈਤਿਕ ਤੌਰ 'ਤੇ ਡਿਪਲੋਮੈਟਿਕ ਸੁਰੱਖਿਆ ਹਟਾਉਣ ਦੀ ਆਪਣੀ ਯੋਜਨਾ ਗ਼ੈਰ-ਰਸਮੀ ਤੌਰ 'ਤੇ ਦੱਸ ਦਿੱਤੀ। ਇਸ ਦਾ ਭਾਵ ਇਹ ਹੈ ਕਿ 41 ਕੈਨੇਡੀਆਈ ਡਿਪਲੋਮੈਟਾਂ ਅਤੇ ਉਨ੍ਹਾਂ ਦੇ 42 ਆਸ਼ਰਿਤਾਂ 'ਤੇ ਖ਼ਤਰਾ ਮੰਡਰਾ ਰਿਹਾ ਸੀ। ਆਪਣੀ ਮਨਮਰਜ਼ੀ ਨਾਲ ਇਕ ਖ਼ਾਸ ਮਿਤੀ ਨੂੰ ਉਨ੍ਹਾਂ ਡਿਪਲੋਮੈਟਸ ਦੀ ਛੋਟ ਖੋਹ ਲਈ ਗਈ। ਇਸ ਨਾਲ ਉਨ੍ਹਾਂ ਸਾਰਿਆਂ ਦੀ ਨਿੱਜੀ ਸੁਰੱਖਿਆ ਖ਼ਤਰੇ 'ਚ ਪੈ ਗਈ।" ਉਨ੍ਹਾਂ ਨੇ ਭਾਰਤ ਸਰਕਾਰ 'ਤੇ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ।



ਕੈਨੇਡਾ ਦੀ ਵਿਦੇਸ਼ ਮੰਤਰੀ ਮੈਲਨੀ ਜੋਲੀ ਦੇ ਬਿਆਨ ਦੇ ਬਾਅਦ ਕੁੱਝ ਘੰਟਿਆਂ ਬਾਅਦ ਦਿੱਲੀ ਸਥਿਤ ਦੂਤਘਰ ਨੇ ਦੱਸਿਆ ਕਿ ਕੈਨੇਡਾ ਨੇ ਚੰਡੀਗੜ੍ਹ, ਮੁੰਬਈ ਅਤੇ ਬੈਂਗਲੁਰੂ 'ਚ ਵਣਜ ਦੂਤਘਰਾਂ 'ਚ ਵੀਜ਼ੇ ਸਮੇਤ ਸਾਰੀਆਂ ਨਿੱਜੀ ਸੇਵਾਵਾਂ ਰੋਕ ਦਿੱਤੀਆਂ ਹਨ।

ਹੁਣ ਭਾਰਤ 'ਚ ਸਾਰੇ ਕੰਮਾਂ ਲਈ ਨਵੀਂ ਦਿੱਲੀ ਸਥਿਤ ਹਾਈ ਕਮਿਸ਼ਨ ਆਉਣਾ ਹੋਵੇਗਾ। ਹਾਈ ਕਮਿਸ਼ਨ ਨੇ ਆਪਣੀ ਯਾਤਰਾ ਸਲਾਹ ਦਾ ਵੀ ਅਧਿਐਨ ਕੀਤਾ ਅਤੇ ਆਪਣੇ ਨਾਗਰਿਕਾਂ ਨੂੰ ਬੈਂਗਲੁਰੂ, ਚੰਡੀਗੜ੍ਹ ਅਤੇ ਮੁੰਬਈ ਦੇ ਨੇੜੇ-ਤੇੜੇ ਉੱਚ ਪੱਧਰ ਦੀ ਸਾਵਧਾਨੀ ਵਰਤਣ ਲਈ ਸੁਚੇਤ ਕੀਤਾ।

ਭਾਰਤ ਨੇ ਸਪੱਸ਼ਟ ਕੀਤਾ ਕਿ ਕੈਨੇਡਾ ਦੇ ਡਿਪਲੋਮੈਟਾਂ ਦੇ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਲਗਾਤਾਰ ਦਖ਼ਲਅੰਦਾਜ਼ੀ ਕਾਰਨ ਉਨ੍ਹਾਂ ਦੀ ਗਿਣਤੀ ਨੂੰ ਸੀਮਿਤ ਕਰਨ ਦਾ ਫ਼ੈਸਲਾ ਜ਼ਰੂਰੀ ਹੋ ਗਿਆ ਸੀ। ਭਾਰਤ ਨੇ ਇਸ ਮੁੱਦੇ 'ਤੇ ਕੈਨੇਡਾ ਦੇ ਵਿਦੇਸ਼ ਮੰਤਰਾਲਾ ਵਲੋਂ ਦਿੱਤੀ ਗਈ ਪ੍ਰਤੀਕਿਰਿਆ ਅਤੇ ਤੌਰ-ਤਰੀਕਿਆਂ 'ਤੇ ਨਾਰਾਜ਼ਗੀ ਪ੍ਰਗਟ ਕਰਨ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਉਸ ਨੇ ਦਿੱਲੀ 'ਚ ਕੈਨੇਡਾ ਦੇ ਹਾਈ ਕਮਿਸ਼ਨ 'ਚ ਡਿਪਲੋਮੈਟਾਂ ਦੀ ਗਿਣਤੀ, ਔਟਵਾ 'ਚ ਭਾਰਤੀ ਹਾਈ ਕਮਿਸ਼ਨ 'ਚ ਡਿਪਲੋਮੈਟਾਂ ਦੀ ਗਿਣਤੀ ਦੇ ਬਰਾਬਰ ਰੱਖਣ ਦੀ ਮੰਗ ਕੀਤੀ ਸੀ ਅਤੇ ਬੈਂਗਲੁਰੂ, ਮੁੰਬਈ ਅਤੇ ਚੰਡੀਗੜ੍ਹ ਸਥਿਤ ਵਣਜ ਦੂਤਘਰਾਂ ਦਾ ਸੰਚਾਲਨ ਬੰਦ ਕਰਨ ਦਾ ਕੈਨੇਡਾ ਦਾ ਫ਼ੈਸਲਾ ਇਕਤਰਫ਼ਾ ਹੈ। ਕੈਨੇਡਾ ਨੇ ਇਸ ਸਬੰਧ 'ਚ ਬੜਾ ਹੀ ਗ਼ੈਰ-ਜ਼ਿੰਮੇਵਾਰਾਨਾ ਰੁਖ਼ ਦਿਖਾਇਆ ਹੈ। ਭਾਰਤ ਦੀ ਕਾਰਵਾਈ ਡਿਪਲੋਮੈਟਿਕ ਸਬੰਧਾਂ 'ਤੇ ਵਿਆਨਾ ਸੰਧੀ (VCDR) ਦੀ ਧਾਰਾ 11.1 ਦੀਆਂ ਪ੍ਰਾਵਧਾਨਾਂ ਅਨੁਸਾਰ ਹੈ ਜੋ ਮੇਜ਼ਬਾਨ ਦੇਸ਼ ਨੂੰ ਹਾਲਾਤ ਅਤੇ ਸ਼ਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਇੱਕ ਡਿਪਲੋਮੈਟਿਕ ਮਿਸ਼ਨ ਦੇ ਆਕਾਰ ਨੂੰ ਉਚਿੱਤ ਅਤੇ ਆਮ ਪੱਧਰ ਤਕ ਸੀਮਿਤ ਕਰਨ ਦਾ ਅਧਿਕਾਰ ਮੁਹੱਈਆ ਕਰਦਾ ਹੈ।

# 10 ਸਾਲਾਂ 'ਚ ਚਾਰ ਗੁਣਾ ਵਧੇ ਪਤਨੀਆਂ ਹੱਥੋਂ ਕੁੱਟ ਦੇ ਸ਼ਿਕਾਰ ਪਤੀਆਂ ਦੇ ਮਾਮਲੇ

ਨਵੀਂ ਦਿੱਲੀ: ਅਕਸਰ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਔਰਤਾਂ ਆਪਣੇ ਪਤੀ ਹੱਥੋਂ ਹਿੰਸਾ ਦਾ ਸ਼ਿਕਾਰ ਜ਼ਿਆਦਾ ਹੁੰਦੀਆਂ ਹਨ ਪਰ ਹੁਣ ਸਭ ਉਲਟ ਹੋ ਰਿਹਾ ਹੈ। ਪਤਨੀਆਂ ਤੋਂ ਕੁੱਟਮਾਰ ਦਾ ਸ਼ਿਕਾਰ ਹੁਣ ਪਤੀ ਹੋ ਰਹੇ ਹਨ। ਇੰਟਰਨੈਸ਼ਨਲ ਇੰਸਟੀਚਿਊਟ ਔਫ਼ ਪਾਪੂਲੇਸ਼ਨ ਸਾਇੰਸੇਜ਼ ਦੇ ਇੱਕ ਅਧਿਐਨ 'ਚ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਅੰਕੜਿਆਂ 'ਚ ਵੇਖਿਆ ਗਿਆ ਕਿ ਪਤਨੀਆਂ ਦੇ ਹੱਥੋਂ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਪਤੀ ਦੇ ਮਾਮਲੇ 10 ਸਾਲਾਂ 'ਚ ਚਾਰ ਗੁਣਾ ਵੱਧ ਗਏ। ਹਿੰਦੂ, ਬੋਧ, ਸਿੱਖ, ਈਸਾਈ ਔਰਤਾਂ ਪਤੀਆਂ 'ਤੇ ਹੱਥ ਚੁੱਕਣ ਦੇ ਮਾਮਲੇ 'ਚ ਹਰ ਇੱਕ ਹਜ਼ਾਰ 'ਚੋਂ 30 ਹਨ। ਇਕੱਲੇ ਪਰਿਵਾਰ ਦੇ ਮੁਕਾਬਲੇ ਸਾਂਝੇ ਪਰਿਵਾਰ 'ਚ ਪਤੀਆਂ ਖ਼ਿਲਾਫ਼ ਔਰਤਾਂ ਦੀ ਹਿੰਸਾ ਘੱਟ ਹੁੰਦੀ ਹੈ। ਅਮੀਰ ਦੇ ਮੁਕਾਬਲੇ ਗ਼ਰੀਬ ਪਤੀ ਆਪਣੀਆਂ ਪਤਨੀਆਂ ਹੱਥੋਂ ਲਗਭਗ ਦੁੱਗਣੀ ਗਿਣਤੀ 'ਚ ਕੁਟਮਾਰ ਦਾ ਸ਼ਿਕਾਰ ਹੋ ਰਹੇ ਹਨ। ਪਤਨੀਆਂ ਤੋਂ ਕੁਟ ਦਾ ਸ਼ਿਕਾਰ ਹਰ ਇੱਕ ਹਜ਼ਾਰ 'ਚ 56 ਪਤੀ ਸ਼ਰਾਬ ਪੀਣ ਵਾਲੇ ਹੁੰਦੇ ਹਨ ਜਦੋਂ ਕਿ ਸ਼ਰਾਬ ਨਾ ਪੀਣ ਵਾਲੇ ਸਿਰਫ਼ 17 ਹੀ ਹਨ।



# US ਵਲੋਂ H1-B ’ਚ ਪ੍ਰਸਤਾਵਿਤ ਤਬਦੀਲੀਆਂ ਦਾ ਭਾਰਤੀਆਂ ਨੂੰ ਹੋਵੇਗਾ .ਫ਼ਾਇਦਾ

ਨਿਊ ਯਾਰਕ: ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ H1-B ਵਿਦੇਸ਼ੀ ਕਰਮਚਾਰੀ ਪ੍ਰੋਗਰਾਮ ’ਚ ਬਦਲਾਅ ਦਾ ਪ੍ਰਸਤਾਵ ਰੱਖਿਆ ਹੈ ਜਿਸ ਦਾ ਉਦੇਸ਼ ਯੋਗਤਾ ਨੂੰ ਤਰਕਸੰਗਤ ਬਣਾ ਕੇ ਕੁਸ਼ਲਤਾ ’ਚ ਸੁਧਾਰ ਕਰਨਾ, F-1 ਵਿਦਿਆਰਥੀਆਂ, ਉਦਮੀਆਂ ਅਤੇ ਗ਼ੈਰ-ਲਾਭਕਾਰੀ ਸੰਸਥਾਵਾਂ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਵਧੇਰੇ ਲਚਕੀਲਾਪਨ ਪ੍ਰਦਾਨ ਕਰਨ ਅਤੇ ਹੋਰ ਪ੍ਰਵਾਸੀ ਕਾਮਿਆਂ ਲਈ ਬਿਹਤਰ ਸਥਿਤੀਆਂ ਨੂੰ ਯਕੀਨੀ ਬਣਾਉਣਾ ਹੈ।

US ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS) ਇਨ੍ਹਾਂ ਨਿਯਮਾਂ ਨੂੰ 23 ਅਕਤੂਬਰ ਨੂੰ ਫ਼ੈੱਡਰਲ ਰੈਜਿਸਟਰ ’ਚ ਅਧਿਕਾਰਿਕ ਤੌਰ ’ਤੇ ਪ੍ਰਕਾਸ਼ਿਤ ਕਰੇਗਾ। ਇਨ੍ਹਾਂ ਨਿਯਮਾਂ ਨੂੰ ਪਾਰਲੀਮੈਂਟ ਵਲੋਂ ਪਹਿਲਾਂ ਤੋਂ ਤੈਅ ਕੀਤੀ ਗਈ 60 ਹਜ਼ਾਰ ਦੀ ਗਿਣਤੀ ’ਚ ਬਦਲਾਅ ਕੀਤੇ ਬਿਨਾਂ ਪ੍ਰਸਤਾਵਿਤ ਕੀਤਾ ਗਿਆ ਹੈ। ਗ੍ਰਹਿ ਮੰਤਰਾਲਾ ਨੇ ਇਨ੍ਹਾਂ ਪ੍ਰਸਤਾਵਿਤ ਨਿਯਮਾਂ ਨੂੰ ਜਨਤਕ ਕੀਤਾ ਹੈ ਤਾਂ ਜੋ ਹਿੱਤ ਧਾਰਕ ਇਸ ’ਤੇ ਆਪਣੀਆਂ ਟਿਪਣੀਆਂ ਕਰ ਸਕਣ ਅਤੇ ਫ਼ੀਡਬੈਕ ਦੇ ਸਕਣ। ਮੰਤਰਾਲੇ ਨੇ ਕਿਹਾ ਕਿ ਨਿਯਮਾਂ ’ਚ ਪ੍ਰਸਤਾਵਿਤ ਤਬਦੀਲੀਆਂ ਦਾ ਉਦੇਸ਼ ਯੋਗਤਾ ਦੀਆਂ ਜ਼ਰੂਰਤਾਂ ਨੂੰ ਤਰਕਸੰਗਤ ਬਣਾਉਣਾ, ਪ੍ਰੋਗਰਾਮ ਦੀ ਕੁਸ਼ਲਤਾ ’ਚ ਸੁਧਾਰ ਕਰਨਾ, ਮਾਲਕਾਂ ਅਤੇ ਕਰਮਚਾਰੀਆਂ ਨੂੰ ਵਧੇਰੇ ਲਾਭ ਅਤੇ ਲਚਕਤਾ ਪ੍ਰਦਾਨ ਕਰਨਾ ਅਤੇ ਅਖੰਡਤਾ ਸਬੰਧੀ ਕਦਮਾਂ ਨੂੰ ਮਜ਼ਬੂਤ ਕਰਨਾ ਹੈ। ਇਹ ਪ੍ਰੋਗਰਾਮ ਅਮਰੀਕੀ ਰੁਜ਼ਗਾਰਦਾਤਾਵਾਂ ਨੂੰ ਕਾਨੂੰਨ ਅਧੀਨ ਤੈਅ ਸਾਰੇ ਅਮਰੀਕੀ ਲੇਬਰ ਸੁੱਰਖਿਆ ਮਿਆਰਾਂ ਦੀ ਪਾਲਣਾ ਕਰਦੇ ਹੋਏ ਜ਼ਰੂਰੀ ਕਾਮਿਆਂ ਨੂੰ ਨਿਯੁਕਤ ਕਰਨ ’ਚ ਮਦਦ ਕਰਦਾ ਹੈ। ਰੁਜ਼ਗਾਰਦਾਤਾ ਇਹ ਨਿਯੁਕਤੀਆਂ ਆਪਣੀਆਂ ਕਾਰੋਬਾਰੀ ਲੋੜਾਂ ਨੂੰ ਪੂਰਾ ਕਰਨ ਅਤੇ ਗਲੋਬਲ ਮਾਰਕੀਟ ’ਚ ਪ੍ਰਤੀਯੋਗੀ ਬਣੇ ਰਹਿਣ ਲਈ ਕਰਦੇ ਹਨ।

US ਹੋਮਲੈਂਡ ਸੈਕਿਓਰਿਟੀ ਸੈਕਟਰੀ ਅਲੇਜੈਂਡਰੋ ਐੱਨ ਮਯੋਰਕਾਸ ਨੇ ਇੱਕ ਬਿਆਨ ’ਚ ਕਿਹਾ ਕਿ ਜੋਅ ਬਾਇਡਨ-ਕਮਲਾ ਹੈਰਿਸ ਪ੍ਰਸ਼ਾਸਨ ਦੀ ਤਰਜੀਹ ਗਲੋਬਲ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ, ਮੌਜੂਦਾ ਕਰਮਚਾਰੀਆਂ ’ਤੇ ਬੋਝ ਨੂੰ ਘਟਾਉਣਾ ਅਤੇ ਇਮੀਗ੍ਰੇਸ਼ਨ ਪ੍ਰਣਾਲੀ ’ਚ ਧੋਖਾਧੜੀ ਨੂੰ ਰੋਕਣਾ ਹੈ।




ਮੌਜੂਦਾ ਪ੍ਰਕਿਰਿਆ ’ਚ, ਇੱਕ ਉਮੀਦਵਾਰ ਇੱਕ ਤੋਂ ਵੱਧ ਨਾਮਜ਼ਦਗੀਆਂ ਕਰ ਸਕਦਾ ਹੈ, ਅਜਿਹੀ ਸਥਿਤੀ ’ਚ ਉਸ ਦੇ ਚੁਣੇ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ। ਹੁਣ ਨਵੀਂ ਤਜਵੀਜ਼ ਤਹਿਤ ਇੱਕ ਵਿਅਕਤੀ ਸਿਰਫ਼ ਇੱਕ ਹੀ ਨਾਮਜ਼ਦਗੀ ਭਰ ਸਕੇਗਾ, ਅਜਿਹੇ ’ਚ ਜ਼ਿਆਦਾ ਲੋਕਾਂ ਨੂੰ ਮੌਕੇ ਮਿਲਣਗੇ। ਨਾਲ ਹੀ, ਮਾਹਿਰ ਦੇ ਅਹੁਦੇ ਲਈ ਯੋਗਤਾ ’ਚ ਸੋਧ ਕੀਤੀ ਗਈ ਹੈ ਤਾਂ ਜੋ ਜੱਜਾਂ ਦੀ ਚੋਣ ਨੂੰ ਲੈ ਕੇ ਕੋਈ ਭੰਬਲਭੂਸਾ ਨਾ ਰਹੇ ਹਾਲਾਂਕਿ ਲੋੜੀਂਦੇ ਡਿਗਰੀ ਖੇਤਰ ’ਚਕਾਰ ਸਿੱਧਾ ਸਬੰਧ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀ ਵੀਜ਼ੇ ’ਤੇ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਲਈ ਵੀ ਵੀਜ਼ਿਆਂ ਦੀ ਯੋਗਤਾ ਨੂੰ ਲਚਕਦਾਰ ਬਣਾਇਆ ਗਿਆ ਹੈ। ਉੱਥੇ ਹੀ ਬਾਇਡਨ ਪ੍ਰਸ਼ਾਸਨ ਦੇ ਇਸ ਪ੍ਰਸਤਾਵ ਨਾਲ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਫ਼ਾਇਦਾ ਹੋਣ ਦੀ ਉਮੀਦ ਹੈ।

## ਪਾਕਿ ਕਲਾਕਾਰਾਂ ’ਤੇ ਪਾਬੰਦੀ ਲਾਉਣ ਦੀ ਪਟੀਸ਼ਨ ਰੱਦ

ਮਿਲਟਨ: ਮੁੰਬਈ ਹਾਈਕੋਰਟ ਨੇ ਪਾਕਿਸਤਾਨੀ ਕਲਾਕਾਰਾਂ ਦੇ ਭਾਰਤ ’ਚ ਕੰਮ ਕਰਨ ’ਤੇ ਪੂਰਨ ਪਾਬੰਦੀ ਲਾਉਣ ਦੀ ਅਪੀਲ ਵਾਲੀ ਪਟੀਸ਼ਨ ਰੱਦ ਕਰ ਦਿੱਤੀ।




ਅਦਾਲਤ ਨੇ ਕਿਹਾ ਕਿ ਦੇਸ਼ ਭਗਤ ਹੋਣ ਲਈ ਕਿਸੇ ਵਿਅਕਤੀ ਨੂੰ ਦੂਜੇ ਮੁਲਕਾਂ, ਖਾਸ ਕਰ ਕੇ ਗੁਆਂਢੀ ਦੇਸ਼, ਨਾਲ ਵੈਰ ਰੱਖਣ ਦੀ ਲੋੜ ਨਹੀਂ।

ਅਦਾਲਤ ਨੇ ਆਪਣੀ ਟਿਪਣੀ ’ਚ ਕਿਹਾ ਕਿ ਇੱਕ ਵਿਅਕਤੀ, ਜੋ ਦਿਲ ਦਾ ਚੰਗਾ ਹੈ, ਉਹ ਆਪਣੇ ਦੇਸ਼ ’ਚ ਕਿਸੇ ਵੀ ਅਜਿਹੀ ਗਤੀਵਿਧੀ ਦਾ ਸਵਾਗਤ ਕਰੇਗਾ ਜੋ ਦੇਸ਼ ਦੇ ਅੰਦਰ ਅਤੇ ਸਰਹੱਦ ਪਾਰ ਸ਼ਾਂਤੀ ਅਤੇ ਸਦਭਾਵਨਾ ਨੂੰ ਉਤਸ਼ਾਹ ਦਿੰਦੀ ਹੋਵੇ। ਜਸਟਿਸ ਸੁਨੀਲ ਸ਼ੁਕਰੇ ਅਤੇ ਜਸਟਿਸ ਫ਼ਿਰਦੋਸ਼ ਪੂਨਾਵਾਲਾ ਦੀ ਬੈਂਚ ਨੇ ਫ਼ੈਜ਼ ਅਨਵਰ ਕੁਰੈਸ਼ੀ ਵਲੋਂ ਦਾਖ਼ਲ ਪਟੀਸ਼ਨ ਨੂੰ ਰੱਦ ਕਰ ਦਿੱਤਾ।ਪਟੀਸ਼ਨ ’ਚ ਅਦਾਲਤ ਤੋਂ ਕੇਂਦਰ ਸਰਕਾਰ ਨੂੰ ਇਹ ਹੁਕਮ ਦੇਣ ਦੀ ਮੰਗ ਕੀਤੀ ਗਈ ਸੀ ਕਿ ਉਹ ਭਾਰਤੀ ਨਾਗਰਿਕਾਂ, ਕੰਪਨੀਆਂ, ਫ਼ਰਮਾਂ ਅਤੇ ਐਸੋਸੀਏਸ਼ਨਾਂ ’ਤੇ ਕਿਸੇ ਵੀ ਪਾਕਿਸਤਾਨੀ ਕਲਾਕਾਰ ਨੂੰ ਕੰਮ ’ਤੇ ਰੱਖਣ ’ਤੇ ਮੁਕੰਮਲ ਪਾਬੰਦੀ ਲਾਏ।

## ਸਿਰਮੌਰ ਪੱਤਰਕਾਰ ਤੇ ਪੰਜਾਬੀ ਲੇਖਕ ਸੁਰਜਨ ਸਿੰਘ ਜ਼ੀਰਵੀ ਦੇ ਦੇਹਾਂਤ ’ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਦੁੱਖ ਦਾ ਪ੍ਰਗਟਾਵਾ

ਲੁਧਿਆਣਾ - ਇਸਪਾਤੀ ਇਰਾਦੇ ਵਾਲੇ ਪਰ ਹਸਮੁਖ ਪੱਤਰਕਾਰ ਸੁਰਜਨ ਸਿੰਘ ਜੀਰਵੀ ਜੀ ਦਾ ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ ਟੋਰੰਟੋ ਇਲਾਕੇ ਵਿੱਚ ਦੇਹਾਤ ਹੋ ਗਿਆ ਹੈ। ਪੰਜਾਬ ਰਹਿੰਦਿਆਂ ਉਹ ਰੋਜਾਨਾ ਅਖਬਾਰ ਨਵਾਂ ਜਮਾਨਾ ਦੇ ਸੰਪਾਦਕ ਸਨ। ਉਨ੍ਹਾਂ ਨੂੰ ਬਾਬਾ ਗੁਰਬਖਸ ਸਿੰਘ ਬੰਨੂਆਣਾ ਵਾਂਗ ਹੀ ਪੱਤਰਕਾਰਾਂ ਦੇ ਪੱਤਰਕਾਰ ਉਸਤਾਦ ਹੋਣ ਦਾ ਸਰਫ ਹਾਸਲ ਸੀ। ਇਹ ਜਾਣਕਾਰੀ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਤੇ ਜੀਰਵੀ ਜੀ ਨਾਲ ਨਵਾਂ ਜਮਾਨਾ ਚ ਲਗਪਗ ਸਾਢੇ ਸੱਤ ਸਾਲ ਕੰਮ ਕਰ ਚੁਕੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ ਲਖਵਿੰਦਰ ਜੌਹਲ ਨੇ ਜੀਰਵੀ ਪਰਿਵਾਰ ਦੇ ਹਵਾਲੇ ਨਾਲ ਦਿੱਤੀ ਹੈ।



ਪਿਛਲੇ ਲੰਮੇ ਸਮੇਂ ਤੋਂ ਸੁਰਜਨ ਜੀਰਵੀ ਜੀ ਕੈਨੇਡਾ ਵੱਸਦੇ ਸਨ ਅਤੇ ਉਥੇ ਵੱਸਦੇ ਲੇਖਕਾਂ ਤੇ ਨਵ ਸਿਰਜਕਾਂ ਵਿੱਚ ਹਰਮਨ ਪਿਆਰੇ ਸਨ। ਇਕਬਾਲ ਮਾਹਲ ਤੇ ਜੋਗਿੰਦਰ ਕਲਸੀ ਨੇ ਵਿਯਨਜ ਆਫ ਪੰਜਾਬ ਵੱਸੋਂ ਕੁਝ ਸਾਲ ਪਹਿਲਾਂ ਉਨ੍ਹਾਂ ਦੇ 85ਵੇਂ ਜਨਮ ਦਿਨ ਤੇ ਦਸਤਾਵੇਜੀ ਫ਼ਿ?ਲਮ ਵੀ ਤਿਆਰ ਕੀਤੀ ਸੀ। ਸੁਰੀਲੇ ਪੰਜਾਬੀ ਗਾਇਕ ਸਵਰਗੀ ਜਗਜੀਤ ਸਿੰਘ ਜੀਰਵੀ ਦੇ ਉਹ ਵੱਡੇ ਵੀਰ ਸਨ ਅਤੇ ਪੰਜਾਬੀ ਕਵੀ ਸਵਰਗੀ ਡਾ ਜਸਵੰਤ ਸਿੰਘ ਨੇਕੀ (ਸਾਬਕਾ ਡਾਇਰੈਕਟਰ, ਪੀ ਜੀ ਆਈ, ਚੰਡੀਗੜ੍ਹ) ਦੇ ਉਹ ਬਹਿਨੋਈ ਸਨ। ਉਨ੍ਹਾਂ ਦੀ ਬਹੁਚਰਚਿਤ ਕਿਤਾਬ "ਇਹ ਹੈ ਬਾਰਬੀ ਸੰਸਾਰ" ਵਾਰਤਕ ਦੇ ਉੱਚਤਮ ਨਮੂਨੇ ਵਜੋਂ ਜਾਣੀ ਜਾਂਦੀ ਹੈ। ਸ ਸੁਰਜਨ ਸਿੰਘ ਜੀਰਵੀ ਦੇ ਦੇਹਾਂਤ ਤੇ ਅਫਸੋਸ ਪ੍ਰਗਟ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਜੀਰਵੀ ਜੀ ਲਿਆਕਤ, ਸਾਹਿੱਤ ਸੂਝ ਅਤੇ ਵਿਅੰਗ ਨਸਤਰ ਨੂੰ ਇੱਕੋ ਜਹੀ ਮੁਹਾਰਤ ਨਾਲ ਵਾਰਤਕ ਲਿਖਣ ਵਾਲੇ ਸਿਰਜਕਾਂ ਚੋਂ ਸਿਰਮੌਰ ਸਨ।

ਪਿਛਲੇ ਦਿਨੀਂ ਹੀ ਉਨ੍ਹਾਂ ਨੂੰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਜਗਜੀਤ ਸਿੰਘ ਅਨੰਦ ਯਾਦਗਾਰੀ ਪੁਰਸਕਾਰ ਦੇਣ ਦਾ ਫੈਸਲਾ ਸਰਬ ਸੰਮਤੀ ਨਾਲ ਕਰ ਕੇ ਐਲਾਨ ਕੀਤਾ ਗਿਆ ਸੀ। ਉਨ੍ਹਾ ਜੀਰਵੀ ਜੀ ਨਾਲ ਨਵਾਂ ਜਮਾਨਾ ਦੇ ਸੰਪਾਦਕ ਹੋਣ ਸਮੇਂ ਦੀਆਂ ਮੁਲਾਕਾਤਾਂ ਅਤੇ ਬਾਦ ਵਿੱਚ ਕੈਨੇਡਾ ਵਿਖੇ ਇਕਬਾਲ ਮਾਹਲ ਤੇ ਜੋਗਿੰਦਰ ਕਲਸੀ ਜੀ ਨਾਲ ਜੀਰਵੀ ਨਿਵਾਸ ਤੇ ਪਹੁੰਚ ਕੇ ਬਿਤਾਈ ਸਾਮ ਨੂੰ ਚੇਤੇ ਕੀਤਾ।

## ਸੂ.ਫੀ ਗਾਇਕਾ ਨੂੰ ਜਾਨੋਂ ਮਾਰਨ ਦੀ ਧਮਕੀ

ਜਲੰਧਰ: ਪ੍ਰਸਿੱਧ ਸੂਫ਼ੀ ਗਾਇਕਾ ਸੁਲਤਾਨਾ ਨੂਰਾਂ ਨੂੰ ਲੈ ਕੇ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਜਿਸ ਨੇ ਉਸ ਦੇ ਫ਼ੈਨਜ਼ ਨੂੰ ਚਿੰਤਾ ’ਚ ਪਾ ਦਿੱਤਾ ਹੈ। ਦਰਅਸਲ ਸੁਲਤਾਨਾ ਨੂਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਜੱਗੂ ਭਗਵਾਨਪੁਰੀਆ ਦੇ ਨਾਂ ’ਤੇ ਸੁਲਤਾਨਾ ਨੂਰਾਂ ਤੋਂ ਫ਼ਿਰੌਤੀ ਮੰਗੀ ਜਾ ਰਹੀ ਹੈ।



ਜ਼ਿਕਰਯੋਗ ਹੈ ਕਿ ਸੁਲਤਾਨਾ ਦੇ ਮੈਨੇਜਰ ਨੂੰ ਇੱਕ ਧਮਕੀ ਭਰਿਆ ਮੈਸੇਜ ਆਇਆ ਹੈ ਜਿਸ ’ਚ ਆਖਿਆ ਜਾਂਦਾ ਹੈ ਕਿ ਸਾਨੂੰ ਪੈਸੇ ਦੇ ਦਿਓ ਨਹੀਂ ਤਾਂ ਅਸੀਂ ਸੁਲਤਾਨਾ ਨੂੰ ਜਾਨੋਂ ਮਾਰ ਦਿਆਂਗੇ। ਉੱਥੇ ਹੀ ਸੁਲਤਾਨਾ ਨੂਰਾਂ ਦੇ ਪਤੀ ਵਲੋਂ ਪੁਲੀਸ ’ਚ ਮਾਮਲਾ ਦਰਜ ਕਰਵਾ ਦਿੱਤਾ ਹੈ। ਮਾਮਲਾ ਸਾਹਮਣੇ ਆਉਂਦੇ ਹੀ ਪੁਲੀਸ ਨੇ ਵੀ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੁਲਤਾਨਾ ਨੇ ਸ਼ਿਕਾਇਤ ’ਚ ਦੱਸਿਆ ਕਿ ਉਨ੍ਹਾਂ ਨੂੰ ਧਮਕੀ ਭਰਿਆ ਮੈਸੇਜ ਮਿਲਿਆ ਹੈ ਜਿਸ ’ਚ ਫ਼ਿਰੌਤੀ ਨਾ ਦੇਣ ’ਤੇ ਜਾਨੋਂ ਮਾਰ ਦੇਣ ਸਬੰਧੀ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਧਮਕੀ ਇੱਕ ਵਾਰ ਨਹੀਂ ਬਲਕਿ ਕਈ ਦਿਨਾਂ ਤੋਂ ਲਗਾਤਾਰ ਮਿਲ ਰਹੀਆਂ ਹਨ।




## ਨਿਰਭਿਆ ਕੇਸ ਮਗਰੋਂ ਵੀ ਭਾਰਤ ’ਚ ਔਰਤਾਂ ਦੇ 36 ਲੱਖ ਕੇਸ ਪੈਂਡਿੰਗ

ਨਵੀਂ ਦਿੱਲੀ: 2012 ’ਚ ਦਿੱਲੀ ’ਚ ਵਾਪਰੇ ਨਿਰਭਿਆ ਬਲਾਤਕਾਰ ਮਾਮਲੇ ਮਗਰੋਂ ਵੀ ਹਾਲਾਤ ਨਹੀਂ ਬਦਲੇ। ਦੇਸ਼ ’ਚ ਔਰਤਾਂ ਖ਼ਿਲਾਫ਼ ਅਪਰਾਧ ਘਟਣ ਦੀ ਬਜਾਏ ਵਧਦੇ ਜਾ ਰਹੇ ਹਨ। ਅੰਕੜਿਆਂ ਮੁਤਾਬਿਕ 2014 ਤੋਂ, 15 ਦਸੰਬਰ 2022 ਤਕ ਔਰਤਾਂ ਵਲੋਂ ਦਾਇਰ 36 ਲੱਖ ਤੋਂ ਵੱਧ ਕੇਸ ਪੈਂਡਿੰਗ ਹਨ ਜਿਨ੍ਹਾਂ ’ਚ ਹਿੰਸਕ ਅਪਰਾਧਾਂ ਖ਼ਿਲਾਫ਼ ਕੇਸ ਵੀ ਸ਼ਾਮਿਲ ਹਨ ਜਿਨ੍ਹਾਂ ਦਾ ਨਿਪਟਾਰਾ ਜ਼ਿਲ੍ਹਾ ਅਤੇ ਅਧੀਨ ਅਦਾਲਤਾਂ ਵਲੋਂ ਕੀਤਾ ਜਾਣਾ ਬਾਕੀ ਹੈ।

ਤਿੰਨ ਲੱਖ ਤੋਂ ਵੱਧ ਕੇਸ ਵੱਖ-ਵੱਖ ਉੱਚ ਅਦਾਲਤਾਂ ’ਚ ਪੈਂਡਿੰਗ ਹਨ। ਸੁਪਰੀਮ ਕੋਰਟ ਤੋਂ ਲੈ ਕੇ ਵੱਖ-ਵੱਖ ਹਾਈਕੋਰਟਾਂ ਨੇ ਦਰਜਨਾਂ ਜਜਮੈਂਟਾਂ ਦੇ ਕੇ ਔਰਤਾਂ ਖਿਲਾਫ਼ ਅਪਰਾਧਾਂ ’ਤੇ ਪੁਲੀਸ ਅਤੇ ਅਦਾਲਤਾਂ ਨੂੰ ਸੰਵੇਦਨਸ਼ੀਲ ਹੋਣ ਨੂੰ ਕਿਹਾ ਸੀ।

ਅਜਿਹੇ ਅਪਰਾਧਾਂ ਦੀ ਜਾਂਚ ਛੇ ਮਹੀਨੇ ਦੇ ਅੰਦਰ-ਅੰਦਰ ਨਿਪਟਾਏ ਜਾਣ ਲਈ ਕਿਹਾ ਸੀ, ਪਰ ਇਸ ਦਾ ਅਸਰ ਨਾ ਪੁਲੀਸ ’ਤੇ ਦਿੱਸਿਆ ਨਾ ਹੀ ਅਦਾਲਤਾਂ ’ਤੇ।ਕਾਨੂੰਨ ਮੰਤਰਾਲਾ ਅਤੇ ਨੈਸ਼ਨਲ ਜੂਡੀਸ਼ੀਅਲ ਡਾਟਾ ਗ੍ਰਿਡ ਵਲੋਂ ਕੀਤੇ ਗਏ ਅਧਿਐਨ ’ਚ ਕੇਸਾਂ ਦੇ ਅਦਾਲਤਾਂ ’ਚ ਵੱਧ ਸਮੇਂ ਤਕ ਪੈਂਡਿੰਗ ਹੋਣ ਦੇ ਕਈ ਮੁੱਖ ਕਾਰਨ ਸਾਹਮਣੇ ਆਏ ਹਨ। ਇਨ੍ਹਾਂ ’ਚ ਪੁਲੀਸ ਤੋਂ ਲੈ ਕੇ ਅਦਾਲਤ ਤਕ ਦੀ ਭੂਮਿਕਾ ਸ਼ਾਮਿਲ ਹੈ ਜਿਸ ’ਚ ਪੁਲੀਸ ਨੇ ਚਾਰਜਸ਼ੀਟ ਦਾਇਰ ਹੀ ਨਹੀਂ ਕੀਤੀ। ਅਦਾਲਤ ’ਚ ਬਾਰ-ਬਾਰ ਜਾਂਚ ਦਾ ਸਮਾਂ ਵਧਾਉਣ ਦੀ ਮੰਗ ਕਰਦੀ ਰਹੀ। ਜੇਕਰ ਚਾਰਜਸ਼ੀਟ ਦਾਇਰ ਕੀਤੀ ਵੀ ਗਈ ਤਾਂ ਦਸਤਾਵੇਜ਼ ਅਦਾਲਤ ਨਹੀਂ ਪਹੁੰਚੇ। ਚਾਰਜਸ਼ੀਟ ਦਾਇਰ ਹੋਣ ਮਗਰੋਂ ਵੀ ਹੇਠਲੀ ਅਦਾਲਤ ਬਾਰ-ਬਾਰ ਲੰਬੀਆਂ ਤਾਰੀਖਾਂ ਦੇ ਰਹੀ ਹੈ ਅਤੇ ਜਿਸ ਨਾਲ ਦੋਸ਼ ਤੈਅ ਹੋਣ ’ਚ ਹੀ 2-3 ਸਾਲ ਦਾ ਸਮਾਂ ਲੱਗ ਜਾਂਦਾ ਹੈ। ਇੰਨਾ ਹੀ ਨਹੀਂ ਮਹੱਤਵਪੂਰਨ ਗਵਾਹਾਂ ਨੂੰ ਪੁਲੀਸ ਪੇਸ਼ ਹੀ ਨਹੀਂ ਕਰ ਪਾ ਰਹੀ।

# ਚੀਨ ਦਾ ਰੱਖਿਆ ਮੰਤਰੀ ਬਰਖ਼ਾਸਤ, ਸਾਬਕਾ ਵਿਦੇਸ਼ ਮੰਤਰੀ ਕੀਤਾ ਡੀਮੋਟ

ਬੀਜਿੰਗ: ਚੀਨ ਨੇ ਲੀ ਸ਼ਾਂਗਫ਼ ਨੂੰ ਰੱਖਿਆ ਮੰਤਰੀ ਅਤੇ ਸਟੇਟ ਕੌਂਸਲਰ ਦੇ ਅਹੁਦਿਆਂ ਤੋਂ ਹਟਾ ਦਿੱਤਾ ਹੈ। ਇੱਕ ਸਥਾਨਕ ਚੈਨਲ ਛਛਠੜ ਦਾ ਹਵਾਲਾ ਦਿੰਦੇ ਹੋਏ ਇੱਕ ਸਮਾਚਾਰ ਏਜੰਸੀ ਨੇ ਦਾਅਵਾ ਕੀਤਾ ਕਿ ਦੇਸ਼ ਦੇ ਚੋਟੀ ਦੇ ਸੰਸਦ ਮੈਂਬਰਾਂ, ਨੈਸ਼ਨਲ ਪੀਪਲਜ਼ ਕਾਂਗਰਸ ਦੀ ਸਥਾਈ ਕਮੇਟੀ ਨੇ ਵੀ ਸਾਬਕਾ ਵਿਦੇਸ਼ ਮੰਤਰੀ ਕਿਨ ਗੈਂਗ ਨੂੰ ਸਟੇਟ ਕੌਂਸਲਰ ਦੇ ਅਹੁਦੇ ਤੋਂ ਹਟਾਉਣ ਲਈ ਵੋਟ ਕੀਤੀ ਹੈ।

### ਸਾਲ ਪਹਿਲਾਂ ਹੀ ਬਣੇ ਸਨ ਰੱਖਿਆ ਮੰਤਰੀ

ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਨੂੰ ਆਖਰੀ ਵਾਰ ਤੀਸਰੇ ਅਫ਼ਰੀਕਾ ਚਾਈਨਾ ਪੀਸ ਐਂਡ ਸੈਕਿਓਰਿਟੀ ਫ਼ੋਰਮ 'ਚ ਜਨਤਕ ਤੌਰ 'ਤੇ ਦੇਖਿਆ ਗਿਆ ਸੀ।

ਲੀ ਨੇ ਬੀਜਿੰਗ 'ਚ ਆਯੋਜਿਤ ਇਸ ਸੰਮੇਲਨ 'ਚ ਆਪਣਾ ਮੁੱਖ ਭਾਸ਼ਣ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਲੀ ਸ਼ਾਂਗਫ਼ੂ ਨੂੰ ਮਾਰਚ 2023 'ਚ ਰੱਖਿਆ ਮੰਤਰੀ ਨਿਯੁਕਤ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਜੁਲਾਈ 'ਚ ਚੀਨੀ ਵਿਦੇਸ਼ ਮੰਤਰੀ ਕਿਨ ਗੈਂਗ ਦੇ ਲਾਪਤਾ ਹੋਣ ਤੋਂ ਬਾਅਦ ਸ਼ਾਂਗਫ਼ੂ ਦੇ ਲਾਪਤਾ ਹੋਣ ਦੀ ਖ਼ਬਰ ਆਈ ਸੀ। ਲੀ ਸ਼ਾਂਗਫ਼ੂ ਦੇ ਇਸ ਤਰ੍ਹਾਂ ਲਾਪਤਾ ਹੋਣ ਤੋਂ ਬਾਅਦ ਹਰ ਤਰ੍ਹਾਂ ਦੀਆਂ ਅਟਕਲਾਂ ਸ਼ੁਰੂ ਹੋ ਗਈਆਂ। ਚੀਨ ਦਾ ਰੱਖਿਆ ਮੰਤਰੀ ਓਦੋਂ ਲਾਪਤਾ ਹੋਇਆ ਜਦੋਂ ਪੰਜ ਸਾਲ



ਪਹਿਲਾਂ ਕੀਤੀ ਗਈ ਇੱਕ ਹਾਰਡਵੇਅਰ ਦੀ ਖ਼ਰੀਦ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਇਹ ਜਾਂਚ ਜੁਲਾਈ 'ਚ ਸ਼ੁਰੂ ਕੀਤੀ ਗਈ ਸੀ ਹਾਲਾਂਕਿ ਚੀਨੀ ਫ਼ੌਜ ਦਾ ਕਹਿਣਾ ਹੈ ਕਿ ਉਹ ਅਕਤੂਬਰ 2017 ਤੋਂ ਇਨ੍ਹਾਂ ਮੁੱਦਿਆਂ ਦੀ ਜਾਂਚ ਕਰ ਰਹੀ ਹੈ। ਬਲੂਮਬਰਗ ਦੀ ਇੱਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਲੀ ਸਤੰਬਰ 2017 ਤੋਂ 2022 ਤਕ ਉਪਕਰਣ ਵਿਭਾਗ 'ਚ ਨੌਕਰੀ ਕਰਦਾ ਸੀ, ਪਰ ਉਸ 'ਤੇ ਕੋਈ ਦੋਸ਼ ਨਹੀਂ ਲਗਾਏ ਗਏ।

### ਕੀ ਹੈ ਮਾਮਲਾ ?

ਕਿਨ ਨੂੰ ਕਈ ਮਹੀਨਿਆਂ ਤੋਂ ਜਨਤਕ ਤੌਰ 'ਤੇ ਨਹੀਂ ਸੀ ਦੇਖਿਆ ਗਿਆ। ਉਸ ਬਾਰੇ ਕਈ ਤਰ੍ਹਾਂ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਸਨ। 25 ਜੂਨ ਨੂੰ ਸ੍ਰੀ ਲੰਕਾ, ਵੀਅਤਨਾਮ ਅਤੇ ਰੂਸ ਦੇ ਅਧਿਕਾਰੀਆਂ ਨਾਲ ਮੁਲਾਕਾਤ ਤੋਂ ਬਾਅਦ ਕਿਨ ਨੂੰ ਜਨਤਕ ਤੌਰ 'ਤੇ ਨਹੀਂ ਦੇਖਿਆ ਗਿਆ। ਕਿਨ ਦੇ ਲਾਪਤਾ ਹੋਣ ਬਾਰੇ ਅਟਕਲਾਂ ਵਿਚਕਾਰ ਇਹ ਡਰ ਸੀ ਕਿ ਉਹ ਠੀਕ ਨਹੀਂ। ਬਾਅਦ 'ਚ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਉਸ ਦੀ ਸ਼ਮੂਲੀਅਤ ਤੋਂ ਇਲਾਵਾ ਹੌਂਗ ਕੌਂਗ ਦੇ ਇੱਕ ਠੜ ਚੈਨਲ ਦੇ ਇੱਕ ਚੀਨੀ ਪੱਤਰਕਾਰ ਨਾਲ ਉਸ ਦੇ ਸਬੰਧਾਂ ਦੀਆਂ ਅਫ਼ਵਾਹਾਂ ਵੀ ਫ਼ੈਲੀਆਂ।

### ਕਿਨ ਗੈਂਗ ਪਿੱਛਲੇ ਦਸੰਬਰ 'ਚ ਬਣੇ ਸਨ ਵਿਦੇਸ਼ ਮੰਤਰੀ

ਕਿਨ 2021 'ਚ ਅਮਰੀਕਾ 'ਚ ਚੀਨ ਦੇ ਰਾਜਦੂਤ ਬਣੇ। ਉਨ੍ਹਾਂ ਨੂੰ ਥੋੜ੍ਹੇ ਜਿਹੇ ਕਾਰਜਕਾਲ ਤੋਂ ਬਾਅਦ ਪਿਛਲੇ ਸਾਲ ਦਸੰਬਰ 'ਚ ਵਿਦੇਸ਼ ਮੰਤਰੀ ਵਜੋਂ ਤਰੱਕੀ ਦਿੱਤੀ ਗਈ ਸੀ। ਕਿਨ ਇੱਕ ਪੇਸ਼ੇਵਰ ਡਿਪਲੋਮੈਟ ਹੈ, ਅਤੇ ਉਸ ਨੂੰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਇੱਕ ਭਰੋਸੇਮੰਦ ਸਹਿਯੋਗੀ ਮੰਨਿਆ ਜਾਂਦਾ ਸੀ। ਵਿਦੇਸ਼ ਮੰਤਰੀ ਹੋਣ ਦੇ ਨਾਤੇ ਕਿਨ ਨੇ ਅਮਰੀਕਾ 'ਤੇ ਲੌਂਚ ਕੀਤੇ ਗਏ ਸ਼ੱਕੀ ਚੀਨੀ ਜਾਸੂਸ ਗ਼ੁਬਾਰੇ ਦੇ ਮੁੱਦੇ 'ਤੇ ਵਾਸ਼ਿੰਗਟਨ ਨੂੰ ਸਖ਼ਤ ਫ਼ਿਟਕਾਰ ਲਗਾਈ ਸੀ। ਉਸ ਤੋਂ ਪਹਿਲਾਂ ਕਿਨ ਅਮਰੀਕਾ 'ਚ ਬ੍ਰਿਟੇਨ ਦੇ ਰਾਜਦੂਤ ਵੀ ਰਹਿ ਚੁੱਕੇ ਹਨ।

### ਕਿਉਂ ਹੁੰਦੀਆਂ ਨੇ ਗ਼ਾਇਬ ਚੀਨ 'ਚ ਮਸ਼ਹੂਰ ਹਸਤੀਆਂ ?

ਪਹਿਲਾਂ ਜਾਰੀ ਕੀਤੀਆਂ ਰਿਪੋਰਟਾਂ ਅਨੁਸਾਰ ਮਾਹਰਾਂ ਦਾ ਮੰਨਣਾ ਹੈ ਕਿ ਮਸ਼ਹੂਰ ਹਸਤੀਆਂ ਨਾਲ ਕੀਤਾ ਗਿਆ ਵਿਵਹਾਰ ਚੀਨੀ ਸਰਕਾਰ ਦੀ ਆਪਣੀ ਸ਼ਕਤੀ ਨੂੰ ਕਿਸੇ ਵੀ ਚੁਣੌਤੀ ਤੋਂ ਬਚਣ ਦੇ ਯਤਨਾਂ ਨੂੰ ਦਰਸਾਉਂਦਾ ਹੈ। ਕਾਰੋਬਾਰੀਆਂ ਦੇ ਮਾਮਲੇ 'ਚ ਕਿਹਾ ਜਾਂਦਾ ਹੈ ਕਿ ਚੀਨ ਦੀ ਸੱਤਾਧਾਰੀ ਪਾਰਟੀ ਦੇਸ਼ ਦੇ ਨਿੱਜੀ ਕਾਰੋਬਾਰੀਆਂ ਦੇ ਹੱਥਾਂ ਵਿੱਚ ਵਾਧੂ ਦੌਲਤ ਨੂੰ ਆਪਣੇ ਲਈ ਸੰਭਾਵੀ ਖ਼ਤਰਾ ਮੰਨਦੀ ਹੈ। ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਕਾਰਜਕਾਲ, ਅਤੇ ਖਾਸ ਤੌਰ 'ਤੇ ਪਿਛਲੇ ਕੁੱਝ ਸਾਲਾਂ, ਦੌਰਾਨ ਅਜਿਹੇ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਦਾ ਰੁਝਾਨ ਵਧਿਆ ਹੈ। ਮੰਨਿਆ ਜਾਂਦਾ ਹੈ ਕਿ ਸੱਤਾ ਦਾ ਸਪਸ਼ਟ ਸੰਦੇਸ਼ ਇਹ ਹੈ ਕਿ ਕੋਈ ਵੀ ਪਾਰਟੀ ਤੋਂ ਉੱਪਰ ਜਾਂ ਉਸ ਦੀ ਪਹੁੰਚ ਤੋਂ ਬਾਹਰ ਨਹੀਂ।

# ਹਿੱਟ ਐਂਡ ਰਨ ਮਾਮਲੇ 'ਚ ਅਭਿਨੇਤਾ ਦਲੀਪ ਤਾਹਿਲ ਨੂੰ ਦੋ ਮਹੀਨੇ ਦੀ ਕੈਦ

ਮਿਲਟਨ: ਮੁੰਬਈ 'ਚ ਬਾਂਦਰਾ ਦੀ ਇੱਕ ਅਦਾਲਤ ਨੇ ਬਾਜ਼ੀਗਰ ਫ਼ਿਲਮ ਦੇ ਅਭਿਨੇਤਾ ਦਲੀਪ ਤਾਹਿਲ ਨੂੰ 2018 'ਚ ਨਸ਼ੇ 'ਚ ਗੱਡੀ ਚਲਾਉਣ ਅਤੇ ਇੱਕ ਮਹਿਲਾ ਨੂੰ ਜ਼ਖ਼ਮੀ ਕਰਨ ਦਾ ਦੋਸ਼ੀ ਮੰਨਦੇ ਹੋਏ ਦੋ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਤਾਹਿਲ 'ਤੇ 500 ਰੁਪਏ ਦਾ ਜੁਰਮਾਨਾ ਅਤੇ ਜ਼ਖ਼ਮੀ ਮਹਿਲਾ ਨੂੰ ਪੰਜ ਹਜ਼ਾਰ ਰੁਪਏ



ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। 2018 'ਚ ਗ੍ਰਿਫ਼ਤਾਰੀ ਦੌਰਾਨ ਅਭਿਨੇਤਾ ਨੇ ਜਾਂਚ ਲਈ ਖ਼ੂਨ ਦਾ ਨਮੂਨਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।ਮੈਜਿਸਟ੍ਰੇਟ ਕੋਰਟ ਨੇ ਇਹ ਫ਼ੈਸਲਾ ਡਾਕਟਰਾਂ ਦੇ ਸਬੂਤਾਂ 'ਤੇ ਭਰੋਸਾ ਕਰਦੇ ਹੋਏ ਸੁਣਾਇਆ। ਫ਼ੈਸਲੇ 'ਤੇ ਅਭਿਨੇਤਾ ਨੇ ਕਿਹਾ ਕਿ ਉਹ ਫ਼ੈਸਲੇ ਖ਼ਿਲਾਫ਼ ਮੁੰਬਈ ਦੇ ਸੈਸ਼ਨ ਕੋਰਟ ਜਾਣਗੇ। ਮੈਜਿਸਟ੍ਰੇਟ ਕੋਰਟ ਨੇ ਉਨ੍ਹਾਂ ਨੂੰ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਜੱਜ ਅਤੇ ਮੈਜਿਸਟ੍ਰੇਟ ਕੋਰਟ ਵਲੋਂ ਦਿੱਤੇ ਗਏ ਫ਼ੈਸਲੇ ਦਾ ਸਨਮਾਨ ਕਰਦੇ ਹਨ, ਪਰ ਉਹ ਫ਼ੈਸਲੇ ਨੂੰ ਉੱਪਰਲੀ ਅਦਾਲਤ 'ਚ ਚੁਣੌਤੀ ਦੇਣਗੇ। ਉਨ੍ਹਾਂ ਕਿਹਾ, "ਮੈਂ ਇਹ ਕਹਿਣਾ ਚਾਹਾਂਗਾ ਕਿ ਘਟਨਾ 'ਚ ਮਾਮੂਲੀ ਸੱਟਾਂ ਲੱਗੀਆਂ ਸਨ। ਮੈਂ ਕਿਸੇ ਨੂੰ ਸੱਟ ਨਹੀਂ ਮਾਰੀ।"

ਦਲੀਪ ਤਾਹਿਲ ਰਾਜਾ, ਹਮ ਹੈਂ ਰਾਹੀ ਪਿਆਰ ਕੇ, ਕਿਆਮਤ ਤੇ ਕਿਆਮਤ ਤਕ, ਕਹੋ ਨਾ ਪਿਆਰ ਹੈ ਵਰਗੀਆਂ ਸੁਪਰ ਹਿੱਟ ਫ਼ਿਲਮਾਂ 'ਚ ਕੰਮ ਕਰ ਚੁੱਕੇ ਹਨ।

# ਇੱਕ ਹੋਰ ਅਗਨੀਵੀਰ ਦੀ ਮੌਤ

ਨਵੀਂ ਦਿੱਲੀ: ਸਿਆਚਿਨ 'ਚ ਡਿਊਟੀ ਦੌਰਾਨ ਇੱਕ ਅਗਨੀਵੀਰ ਦੀ ਮੌਤ ਹੋ ਗਈ। ਫ਼ੌਜ ਦੀ ਲੇਹ ਸਥਿਤ ਫ਼ਾਇਰ ਐਂਡ ਫ਼ਿਊਰੀ ਕੋਰ ਨੇ ਇਹ ਜਾਣਕਾਰੀ ਦਿੱਤੀ। ਫ਼ੌਜ ਮੁਖੀ ਜਨਰਲ ਮਨੋਜ ਪਾਂਡੇ ਅਤੇ ਬਲ ਦੇ ਸਾਰੇ ਰੈਂਕ ਦੇ ਕਰਮਚਾਰੀਆਂ ਨੇ ਮਹਾਰਾਸ਼ਟਰ ਦੇ ਅਗਨੀਵੀਰ ਗਵਤੇ ਅਕਸ਼ੈ ਲਕਸ਼ਮਣ ਦੀ ਮੌਤ 'ਤੇ ਅਫ਼ਸੋਸ ਜ਼ਾਹਿਰ ਕੀਤਾ ਹੈ।



ਕਾਰਾਕੋਰਮ ਪਰਬਤੀ ਲੜੀ 'ਚ ਲਗਭਗ 20 ਹਜ਼ਾਰ ਫ਼ੁੱਟ ਦੀ ਉਚਾਈ 'ਤੇ ਸਥਿਤ ਸਿਆਚਿਨ ਹਿਮਨਦ ਨੂੰ ਦੁਨੀਆਂ ਦੇ ਸਭ ਤੋਂ ਉੱਚੇ ਫ਼ੌਜੀ ਖੇਤਰ ਵਜੋਂ ਜਾਣਿਆ ਜਾਂਦਾ ਹੈ ਜਿੱਥੇ ਫ਼ੌਜੀਆਂ ਨੂੰ ਕਾਫ਼ੀ ਜ਼ਿਆਦਾ ਠੰਢ ਅਤੇ ਤੇਜ਼ ਹਵਾਵਾਂ ਨਾਲ ਜੂਝਣਾ ਪੈਂਦਾ ਹੈ। ਅਜੇ ਇਹ ਪਤਾ ਨਹੀਂ ਲੱਗਿਆ ਕਿ ਲਕਸ਼ਮਣ ਦੀ ਮੌਤ ਦਾ ਕਾਰਨ ਕੀ ਹੈ। ਫ਼ਾਇਰ ਐਂਡ ਫ਼ਿਊਰੀ ਕੋਰ ਨੇ ਸੋਸ਼ਲ ਮੀਡੀਆ ਮੰਚ X 'ਤੇ ਲਿਖਿਆ, "ਫ਼ਾਇਰ ਐਂਡ ਫ਼ਿਊਰੀ ਕੋਰ ਦੇ ਸਾਰੇ ਅਧਿਕਾਰੀ ਸਿਆਚਿਨ ਦੀਆਂ ਮੁਸ਼ਕਿਲ ਉੱਚਾਈਆਂ 'ਤੇ ਡਿਊਟੀ ਦੌਰਾਨ ਅਗਨੀਵੀਰ (ਔਪਰੇਟਰ) ਗਵਤੇ ਅਕਸ਼ੈ ਲਕਸ਼ਮਣ ਦੇ ਸਰਬਉੱਚ ਬਲੀਦਾਨ ਨੂੰ ਸਲਾਮ ਕਰਦੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਪ੍ਰਤੀ ਡੂੰਘਾ ਅਫ਼ਸੋਸ ਜ਼ਾਹਿਰ ਕਰਦੇ ਹਨ।"

# ਇਮਰਾਨ ਗੋਪਨੀਯਤਾ ਮਾਮਲੇ 'ਚ ਦੋਸ਼ੀ

ਲਾਹੌਰ: ਪਾਕਿਸਤਾਨ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਦੇਸ਼ ਦੇ ਗੋਪਨੀਯਤਾ ਕਾਨੂੰਨਾਂ ਦੀ ਉਲੰਘਣਾ ਨਾਲ ਜੁੜੇ ਇੱਕ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ।



ਇਮਰਾਨ (71) ਨੂੰ ਪਿਛਲੇ ਸਾਲ ਮਾਰਚ 'ਚ ਵਾਸ਼ਿੰਗਟਨ 'ਚ ਪਾਕਿਸਤਾਨ ਦੇ ਦੂਤਘਰ ਦੁਆਰਾ ਭੇਜੀ ਗਈ ਇੱਕ ਗੁਪਤ ਡਿਪਲੋਮੈਟਿਕ ਕੇਬਲ (ਸਾਈਫ਼ਰ) ਲੀਕ ਕਰ ਕੇ ਅਧਿਕਾਰਿਕ ਸੀਕਰੇਟਸ ਐਕਟ ਦੀ ਉਲੰਘਣਾ ਕਰਨ ਦਾ ਮਾਮਲਾ ਦਰਜ ਕੀਤੇ ਜਾਣ ਤੋਂ ਬਾਅਦ ਇਸ ਸਾਲ ਅਗਸਤ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਮਰਾਨ ਦੇ ਨਾਲ ਹੀ ਇਸ ਮਾਮਲੇ 'ਚ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਵੀ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਮਰਾਨ ਨੇ ਉਕਤ ਦਸਤਾਵੇਜ਼ ਦੀ ਵਰਤੋਂ ਇਹ ਸੁਝਾਅ ਦੇਣ ਲਈ ਕੀਤੀ ਸੀ ਕਿ ਉਨ੍ਹਾਂ ਦੀ ਸਰਕਾਰ ਵਿਦੇਸ਼ੀ ਸਾਜ਼ਿਸ਼ ਦੇ ਨਤੀਜੇ ਵਜੋਂ ਡੇਗ ਦਿੱਤੀ ਗਈ ਸੀ। ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਵਿਸ਼ੇਸ਼ ਅਦਾਲਤ ਦੇ ਜੱਜ ਅਬੁਲ ਹਸਨਤ ਜ਼ੁਲਕਰਨੈਨ ਨੇ ਕੇਸ ਦੀ ਸੁਣਵਾਈ ਕੀਤੀ। ਜੀਓ ਨਿਊਜ਼ ਦੀ ਖ਼ਬਰ ਮੁਤਾਬਿਕ ਇਮਰਾਨ ਅਤੇ ਕੁਰੈਸ਼ੀ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰਦਿਆਂ ਆਪਣੇ ਆਪ ਨੂੰ ਬੇਕਸੂਰ ਦੱਸਿਆ ਹੈ।

ਦੋਸ਼ ਤੈਅ ਕਰਨ ਤੋਂ ਬਾਅਦ ਵਿਸ਼ੇਸ਼ ਅਦਾਲਤ ਨੇ ਮਾਮਲੇ ਦੀ ਸੁਣਵਾਈ 27 ਅਕਤੂਬਰ ਤਕ ਮੁਲਤਵੀ ਕਰ ਦਿੱਤੀ ਜਦੋਂ ਇਹ ਰਸਮੀ ਤੌਰ 'ਤੇ ਸੁਣਵਾਈ ਸ਼ੁਰੂ ਕਰੇਗੀ। ਇਸ ਤੋਂ ਪਹਿਲਾਂ, ਪਿਛਲੇ ਹਫ਼ਤੇ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਇਸ ਟਿਪਣੀ ਦੇ ਨਾਲ ਸੁਣਵਾਈ 23 ਅਕਤੂਬਰ ਤਕ ਮੁਲਤਵੀ ਕਰ ਦਿੱਤੀ ਸੀ ਕਿ ਅਗਲੀ ਤਰੀਕ ਨੂੰ ਇਮਰਾਨ ਅਤੇ ਕੁਰੈਸ਼ੀ ਖ਼ਿਲਾਫ਼ ਦੋਸ਼ ਆਇਦ ਕੀਤੇ ਜਾਣਗੇ। ਅਦਾਲਤ ਨੇ ਪਹਿਲਾਂ 17 ਅਕਤੂਬਰ ਨੂੰ ਇਮਰਾਨ ਖ਼ਿਲਾਫ਼ ਦੋਸ਼ ਆਇਦ ਕੀਤੇ ਜਾਣੇ ਸਨ, ਪਰ ਸਾਬਕਾ ਪ੍ਰਧਾਨ ਮੰਤਰੀ ਦੇ ਵਕੀਲਾਂ ਦੇ ਇਤਰਾਜ਼ ਤੋਂ ਬਾਅਦ ਇਹ ਪ੍ਰਕਿਰਿਆ ਲਟਕ ਗਈ ਸੀ ਕਿ ਉਨ੍ਹਾਂ ਨੂੰ ਚਾਰਜਸ਼ੀਟ ਦੀਆਂ ਕਾਪੀਆਂ ਮੁਹੱਈਆ ਨਹੀਂ ਕਰਵਾਈਆਂ ਗਈਆਂ ਸਨ। ਤੋਸ਼ਾਖ਼ਾਨਾ ਮਾਮਲੇ 'ਚ 5 ਅਗਸਤ ਨੂੰ ਲਾਹੌਰ ਤੋਂ ਗ੍ਰਿਫ਼ਤਾਰ ਹੋਣ ਅਤੇ 29 ਅਗਸਤ ਨੂੰ ਜ਼ਮਾਨਤ ਮਿਲਣ ਦੇ ਬਾਵਜੂਦ ਇਮਰਾਨ ਸਾਈਫ਼ਰ ਮਾਮਲੇ ਕਾਰਨ ਜੇਲ੍ਹ 'ਚ ਹੈ। ਪਿਛਲੇ ਸਾਲ ਅਪ੍ਰੈਲ 'ਚ ਉਨ੍ਹਾਂ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਉਸ ਖ਼ਿਲਾਫ਼ 150 ਤੋਂ ਵੱਧ ਕੇਸ ਦਰਜ ਹਨ।



# ਭਾਰਤ ਨਾਲ ਵਿਵਾਦ 'ਚ ਅਮਰੀਕਾ ਅਤੇ UK ਵਲੋਂ ਕੈਨੇਡਾ ਦਾ ਸਮਰਥਨ

ਔਟਵਾ: ਬੀਤੇ ਦਿਨੀਂ ਕੈਨੇਡਾ ਵਲੋਂ ਭਾਰਤ 'ਚੋਂ ਆਪਣੇ 41 ਡਿਪਲੋਮੈਟਾਂ ਨੂੰ ਵਾਪਿਸ ਬੁਲਾਉਣ ਮਗਰੋਂ ਦੋਵਾਂ ਦੇਸ਼ਾਂ ਦਰਮਿਆਨ ਵਧੇ ਕੂਟਨੀਤਿਕ ਸੰਕਟ 'ਤੇ ਅਮਰੀਕਾ ਦਾ ਪ੍ਰਤੀਕਰਮ ਸਾਹਮਣੇ ਆਇਆ ਹੈ। ਅਮਰੀਕਾ ਨੇ ਕੈਨੇਡੀਅਨ ਡਿਪਲੋਮੈਟਾਂ ਦੇ ਭਾਰਤ ਛੱਡਣ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਦੱਸਣਯੋਗ ਹੈ ਕਿ ਸਿੱਖ ਆਗੂ ਹਰਦੀਪ ਸਿੰਘ ਨਿੱਜਰ ਦੇ ਕਤਲ ਮਗਰੋਂ ਪੈਦਾ ਹੋਏ ਵਿਵਾਦ ਦੇ ਵਿਚਕਾਰ ਔਟਵਾ ਨੇ ਭਾਰਤ ਤੋਂ 41 ਡਿਪਲੋਮੈਟਾਂ ਨੂੰ ਵਾਪਿਸ ਬੁਲਾ ਲਿਆ ਸੀ। ਉਸ ਤੋਂ ਬਾਅਦ ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਨੂੰ ਅਪੀਲ ਕੀਤੀ ਸੀ ਕਿ ਉਹ ਦੇਸ਼ 'ਚ ਕੂਟਨੀਤਕ ਮੌਜੂਦਗੀ ਨੂੰ ਘਟਾਉਣ ਲਈ ਕੈਨੇਡਾ 'ਤੇ ਦਬਾਅ ਨਾ ਪਾਵੇ।



ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ, "ਅਸੀਂ ਕੈਨੇਡੀਅਨ ਡਿਪਲੋਮੈਟਾਂ ਦੇ ਭਾਰਤ ਤੋਂ ਚੱਲੇ ਜਾਣ ਤੋਂ ਚਿੰਤਤ ਹਾਂ। ਕੈਨੇਡਾ ਨੇ ਹਰਦੀਪ ਸਿੰਘ ਨਿੱਜਰ ਦੇ ਕਤਲ 'ਚ ਭਾਰਤੀ ਏਜੰਸੀਆਂ ਦੇ ਸ਼ਾਮਿਲ ਹੋਣ ਦਾ ਦੋਸ਼ ਲਾਇਆ ਸੀ ਪਰ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰ ਦਿੱਤਾ ਸੀ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਬ੍ਰਿਟੇਨ ਭਾਰਤ ਨਾਲ ਸਬੰਧਾਂ ਨੂੰ ਵਿਗਾੜਨਾ ਨਹੀਂ ਚਾਹੁੰਦੇ ਜਿਸ ਨੂੰ ਉਹ ਆਪਣੇ ਮੁੱਖ ਏਸ਼ੀਆਈ ਵਿਰੋਧੀ ਚੀਨ ਦੇ ਮੁਕਾਬਲੇ ਦੇ ਤੌਰ 'ਤੇ ਦੇਖਦੇ ਹਨ, ਪਰ ਅਮਰੀਕੀ ਵਿਦੇਸ਼ ਵਿਭਾਗ ਅਤੇ ਬ੍ਰਿਟੇਨ ਦੇ ਵਿਦੇਸ਼ ਦਫ਼ਤਰ ਨੇ ਸ਼ੁੱਕਰਵਾਰ ਨੂੰ ਦਿੱਤੇ ਬਿਆਨ 'ਚ ਕਿਹਾ ਕਿ ਇਸ ਮਾਮਲੇ 'ਤੇ ਵਾਸ਼ਿੰਗਟਨ ਅਤੇ ਲੰਡਨ ਦੁਆਰਾ ਨਵੀਂ ਦਿੱਲੀ ਦੀ ਇਹ ਹੁਣ ਤਕ ਦੀ ਸਭ ਤੋਂ ਤਿੱਖੀ ਆਲੋਚਨਾ ਹੈ। ਬ੍ਰਿਟੇਨ ਦੇ ਵਿਦੇਸ਼ ਦਫ਼ਤਰ ਦੇ ਬੁਲਾਰੇ ਨੇ ਕਿਹਾ, "ਅਸੀਂ ਭਾਰਤ ਸਰਕਾਰ ਦੁਆਰਾ ਲਏ ਗਏ ਫ਼ੈਸਲਿਆਂ ਨਾਲ ਸਹਿਮਤ ਨਹੀਂ ਜਿਸ ਕਾਰਨ ਕਈ ਕੈਨੇਡੀਅਨ ਡਿਪਲੋਮੈਟਾਂ ਨੇ ਭਾਰਤ ਛੱਡ ਦਿੱਤਾ ਹੈ।"

ਵਾਸ਼ਿੰਗਟਨ ਨੇ ਕਿਹਾ ਹੈ ਕਿ ਉਸ ਨੇ ਕੈਨੇਡਾ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਲੰਡਨ ਦੇ ਨਾਲ-ਨਾਲ ਭਾਰਤ ਨੂੰ ਵੀ ਇਸ ਹੱਤਿਆ ਦੀ ਜਾਂਚ 'ਚ ਕੈਨੇਡਾ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ ਜਦਕਿ ਪੱਛਮੀ ਤਾਕਤਾਂ ਭਾਰਤ ਦੀ ਖੁੱਲ੍ਹ ਕੇ ਨਿੰਦਾ ਕਰਨ ਤੋਂ ਝਿਜਕ ਰਹੀਆਂ ਹਨ। ਨਿੱਜਰ ਦੀ ਹੱਤਿਆ 'ਤੇ ਕੈਨੇਡਾ ਦੇ ਦੋਸ਼ਾਂ ਤੋਂ ਬਾਅਦ ਨਵੀਂ ਦਿੱਲੀ ਨੇ ਪਿਛਲੇ ਮਹੀਨੇ ਔਟਵਾ ਨੂੰ ਆਪਣੀ ਡਿਪਲੋਮੈਟਿਕ ਮੌਜੂਦਗੀ ਘਟਾਉਣ ਲਈ ਕਿਹਾ ਸੀ ਜਿਸ ਤੋਂ ਬਾਅਦ ਕੈਨੇਡਾ ਨੇ ਭਾਰਤ ਤੋਂ 41 ਡਿਪਲੋਮੈਟਾਂ ਨੂੰ ਵਾਪਿਸ ਬੁਲਾ ਲਿਆ ਸੀ।

ਕੈਨੇਡਾ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਕਈ ਭਾਰਤੀ ਸ਼ਹਿਰਾਂ 'ਚ ਕੌਂਸਲੇਟਾਂ 'ਚ ਵਿਅਕਤੀਗਤ ਤੌਰ 'ਤੇ ਕੰਮਕਾਜ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਰਿਹਾ ਹੈ ਅਤੇ ਵੀਜ਼ਾ ਪ੍ਰਕਿਰਿਆ 'ਚ ਦੇਰੀ ਦੀ ਚੇਤਾਵਨੀ ਦਿੱਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ, "ਮਤਭੇਦਾਂ ਨੂੰ ਸੁਲਝਾਉਣ ਲਈ ਜ਼ਮੀਨੀ ਪੱਧਰ 'ਤੇ ਡਿਪਲੋਮੈਟਾਂ ਦੀ ਲੋੜ ਹੁੰਦੀ ਹੈ। ਅਸੀਂ ਭਾਰਤ ਸਰਕਾਰ ਨੂੰ ਕੈਨੇਡਾ ਦੀ ਕੂਟਨੀਤਕ ਮੌਜੂਦਗੀ ਨੂੰ ਘਟਾਉਣ 'ਤੇ ਜ਼ੋਰ ਨਾ ਦੇਣ ਅਤੇ ਚੱਲ ਰਹੀ ਕੈਨੇਡੀਅਨ ਜਾਂਚ 'ਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।"

# ਪਤਨੀ ਨੇ ਆਸ਼ਿਕ ਨਾਲ ਮਿਲ ਕੇ ਮਾਰਿਆ ਪਤੀ

ਪਟਿਆਲਾ: ਪਿਛਲੇ ਦਿਨੀ ਬੈਂਕ ਔਫ਼ ਬੜੌਦਾ ਦੇ ਸੇਵਾ ਮੁਕਤ ਮੈਨੇਜਰ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ 'ਚ ਹੁਣ ਪੁਲੀਸ ਨੇ ਵੱਡਾ ਖੁਲਾਸਾ ਕੀਤਾ ਹੈ। ਪੁਲੀਸ ਨੇ ਵਾਰਦਾਤ ਦੇ ਕੁੱਝ ਘੰਟਿਆਂ 'ਚ ਹੀ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਹੈ। ਦੱਸ ਦਈਏ ਕਿ ਪਟਿਆਲਾ ਦੇ ਪਾਸੀ ਰੋਡ ਸਥਿਤ ਸੈਰ ਕਰਨ ਲਈ ਨਿਕਲੇ ਸੇਵਾ ਮੁਕਤ ਬੈਂਕ ਮੈਨੇਜਰ ਬਲਬੀਰ ਸਿੰਘ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿਸ ਦੀ ਜਦੋਂ ਪੁਲਸ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਮ੍ਰਿਤਕ ਬਲਬੀਰ ਸਿੰਘ ਦੀ ਦੂਜੀ ਪਤਨੀ ਹੀ ਅਸਲੀ ਕਾਤਲ ਹੈ ਜਿਸ 'ਚ ਪੁਲੀਸ ਨੇ ਹੁਣ ਤਕ ਸ਼ਾਦੀਪੁਰ ਪਿੰਡ ਦੇ ਰਹਿਣ ਵਾਲੇ ਕਾਤਲ ਜਿਨ੍ਹਾਂ 'ਚ 3 ਦੋਸ਼ੀ ਹਨ, ਗੁਰਦੇਵ ਸਿੰਘ, ਅਜੇ ਅਤੇ ਅਰਸ਼ ਨੂੰ ਗ੍ਰਿਫ਼ਤਾਰ ਕਰ ਲਿਆ ਹੈ।




ਜ਼ਿਕਰਯੋਗ ਹੈ ਕਿ 2005 'ਚ ਮ੍ਰਿਤਕ ਬਲਬੀਰ ਸਿੰਘ ਦਾ ਦੂਜਾ ਵਿਆਹ ਹੋਇਆ ਸੀ। SSP ਪਟਿਆਲਾ ਨੇ ਦੱਸਿਆ ਕਿ ਮ੍ਰਿਤਕ ਦੀ ਘਰਵਾਲੀ ਹਰਪ੍ਰੀਤ ਕੌਰ ਚਹਿਲ ਦਾ ਗੁਰਦੇਵ ਸਿੰਘ ਨਾਲ ਨਾਜਾਇਜ਼ ਸਬੰਧ ਸਨ। ਇੱਕ ਸਾਲ ਪਹਿਲਾਂ ਇਹ ਦੋਵੇਂ ਜਿਮ 'ਚ ਮਿਲੇ ਸੀ ਜਿਸ ਤੋਂ ਬਾਅਦ ਇਨ੍ਹਾਂ 'ਚ ਸਬੰਧ ਬਣਨੇ ਸ਼ੁਰੂ ਹੋਏ। ਮ੍ਰਿਤਕ ਬਲਬੀਰ ਸਿੰਘ ਦੀ ਜਾਇਦਾਦ ਅਤੇ ਉਸ ਦੀ ਕੋਠੀ ਅਤੇ ਇੰਸ਼ੋਰੈਂਸ ਦੇ ਪੈਸੇ ਹੜਪਣ ਲਈ ਉਸ ਦੀ ਪਤਨੀ ਹਰਪ੍ਰੀਤ ਕੌਰ ਨੇ ਆਪਣੇ ਆਸ਼ਿਕ ਗੁਰਦੇਵ ਸਿੰਘ ਨਾਲ ਮਿਲ ਕੇ ਇੱਕ ਵੱਡੀ ਸਾਜ਼ਿਸ਼ ਰਚੀ ਜਿਸ ਤੋਂ ਬਾਅਦ ਉਨ੍ਹਾਂ ਨੇ ਬਲਬੀਰ ਦੀ ਰੇਕੀ ਕੀਤੀ ਕਿ ਕਿੰਨੇ ਵਜੇ ਉਹ ਘਰ ਤੋਂ ਨਿਕਲਦਾ ਹੈ ਅਤੇ ਕਿੰਨੇ ਵਜੇ ਘਰ ਆਉਂਦਾ ਹੈ। ਮੁਲਜ਼ਮਾਂ ਨੇ ਇਹ ਵੀ ਦੇਖਿਆ ਕਿ ਕਿੱਥੇ-ਕਿੱਥੇ ਕੈਮਰੇ ਲੱਗੇ ਹਨ।ਇਸ ਸਾਰੀ ਪਲੈਨਿੰਗ ਤੋਂ ਹੀ ਇਸ ਕਤਲ ਦੀ ਵਾਰਦਾਤ ਨੂੰ ਅੰਜ਼ਾਮ ਦਿੱਤਾ ਗਿਆ। ਪੁਲੀਸ ਨੇ ਇਸ ਵਾਰਦਾਤ 'ਚ ਸ਼ਾਮਿਲ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਦੀ ਪਤਨੀ ਅਤੇ ਕਾਤਲ ਹਰਪ੍ਰੀਤ ਕੌਰ ਦਾ ਅੱਠ ਸਾਲ ਦਾ ਇੱਕ ਲੜਕਾ ਅਤੇ 13 ਸਾਲ ਦੀ ਇੱਕ ਲੜਕੀ ਹੈ।

# ਕੈਨੇਡੀਅਨ ਡਿਪਲੋਮੈਟਾਂ ਨੇ ਰਾਤੋ-ਰਾਤ ਛੱਡਿਆ ਭਾਰਤ

ਔਟਵਾ: ਭਾਰਤ ਅਤੇ ਕੈਨੇਡਾ ਦਰਮਿਆਨ ਤਨਾਅ ਦਰਮਿਆਨ ਵੱਡੀ ਗਿਣਤੀ 'ਚ ਕੈਨੇਡੀਅਨ ਡਿਪਲੋਮੈਟਾਂ ਨੇ ਰਾਤੋ ਰਾਤ ਭਾਰਤ ਛੱਡ ਦਿੱਤਾ। ਕੈਨੇਡਾ ਦੇ TV ਚੈਨਲ CBC News ਨੇ ਆਪਣੀ ਇੱਕ ਰਿਪੋਰਟ 'ਚ ਇਹ ਦਾਅਵਾ ਕੀਤਾ ਹੈ। ਸਥਿਤੀ ਦੀ ਜਾਣਕਾਰੀ ਰੱਖਣ ਵਾਲੇ ਇੱਕ ਸੂਤਰ ਨੇ ਦੱਸਿਆ ਕਿ ਭਾਰਤ ਅਤੇ ਕੈਨੇਡਾ ਦਰਮਿਆਨ ਦੋ ਹਫ਼ਤਿਆਂ ਤਕ ਚੱਲੀ ਗੱਲਬਾਤ ਦੌਰਾਨ ਭਾਰਤ ਨੇ ਮਿਸਰ 'ਚ ਕਿਹਾ ਕਿ ਕੈਨੇਡਾ ਵਲੋਂ ਦੋਵਾਂ ਦੇਸ਼ਾਂ 'ਚ ਮੌਜੂਦ ਡਿਪਲੋਮੈਟਾਂ ਦੀ ਗਿਣਤੀ 'ਚ ਸਮਾਨਤਾ 'ਤੇ ਵਾਧੂ ਡਿਪਲੋਮੈਟਾਂ ਦੀ ਮੰਗ 'ਤੇ ਅੜੇ ਰਹਿਣ ਕਾਰਨ ਭਾਰਤ ਦੇ ਡਿਪਲੋਮੈਟਾਂ ਨੇ ਭਾਰਤ ਛੱਡਣਾ ਬਿਹਤਰ ਸਮਝਿਆ।




### ਗੱਲਬਾਤ ਰਹੀ ਬੇਸਿੱਟਾ

ਭਾਰਤ ਨੇ ਕੈਨੇਡਾ ਦੇ ਸਿਰਫ਼ 21 ਮਾਨਤਾ ਪ੍ਰਾਪਤ ਕੂਟਨੀਤਕ ਮਿਸ਼ਨ ਰੱਖਣ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਕੈਨੇਡਾ ਦੇ ਭਾਰਤ 'ਚ 62 ਡਿਪਲੋਮੈਟ ਹਨ, ਅਤੇ ਨਵੀਂ ਦਿੱਲੀ 'ਚ ਉਸ ਦੇ ਹਾਈ ਕਮਿਸ਼ਨ ਅਤੇ ਮੁੰਬਈ, ਚੰਡੀਗੜ੍ਹ, ਕੋਲਕਾਤਾ ਅਤੇ ਬੰਗਲੌਰ 'ਚ ਚਾਰ ਕੌਂਸਲੇਟ ਹਨ। ਨਵੀਂ ਦਿੱਲੀ ਨੇ ਕੈਨੇਡਾ ਨੂੰ 41 ਡਿਪਲੋਮੈਟਾਂ ਨੂੰ ਵਾਪਿਸ ਬੁਲਾਉਣ ਲਈ 10 ਅਕਤੂਬਰ ਤਕ ਦਾ ਸਮਾਂ ਦਿੱਤਾ ਸੀ ਤਾਂ ਜੋ ਦੋਵਾਂ ਦੇਸ਼ਾਂ ਦੇ ਕੂਟਨੀਤਕ ਦਲਾਂ ਦੀ ਗਿਣਤੀ ਬਰਾਬਰ ਕੀਤੀ ਜਾ ਸਕੇ। ਭਾਰਤ ਨੇ ਕਿਹਾ ਸੀ ਕਿ ਜੇਕਰ ਡਿਪਲੋਮੈਟਸ ਦੇਸ਼ 'ਚ ਰਹਿੰਦੇ ਹਨ ਤਾਂ ਉਹ ਗ੍ਰਿਫ਼ਤਾਰੀ ਅਤੇ ਮੁਕੱਦਮੇ ਤੋਂ ਆਪਣੀ ਕੂਟਨੀਤਕ ਛੋਟ ਗੁਆ ਬੈਠਣਗੇ, ਪਰ ਕੈਨੇਡੀਅਨ ਅਧਿਕਾਰੀਆਂ ਨੇ ਭਾਰਤੀ ਪੱਖ ਨਾਲ ਗੱਲਬਾਤ ਜਾਰੀ ਰੱਖਦੇ ਹੋਏ ਉਹ ਸਮਾਂ ਸੀਮਾ ਲੰਘਣ ਦਿੱਤੀ। ਲੱਗਦਾ ਹੈ ਕਿ ਇਹ ਗੱਲਬਾਤ ਹੁਣ ਬਿਨਾਂ ਕਿਸੇ ਨਤੀਜੇ ਦੇ ਖ਼ਤਮ ਹੋ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਪ੍ਰੈਸ ਕਾਨਫ਼ਰੰਸ 'ਚ ਇਸ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਕਿੰਨੇ ਡਿਪਲੋਮੈਟ ਭਾਰਤ ਛੱਡ ਚੁੱਕੇ ਹਨ। ਉਨ੍ਹਾਂ ਸੰਕੇਤ ਦਿੱਤਾ ਕਿ ਵਿਦੇਸ਼ ਮੰਤਰੀ ਮੈਲਨੀ ਜੋਲੀ ਇਸ ਸਬੰਧੀ ਜਾਣਕਾਰੀ ਸਾਂਝੀ ਕਰੇਗੀ।

# ਇਸ ਸਕੂਲ ਦੇ ਬੱਚੇ ਦੋਹਾਂ ਹੱਥਾਂ ਨਾਲ ਲਿਖਦੇ ਨੇ ਵੱਖ-ਵੱਖ

ਸਿੰਗਰੌਲੀ: ਮੱਧ ਪ੍ਰਦੇਸ਼ ਦੇ ਸਿੰਗਰੌਲੀ 'ਚ ਇੱਕ ਅਜਿਹਾ ਸਕੂਲ ਹੈ ਜਿੱਥੇ ਬੱਚਿਆਂ 'ਚ ਦੋਵਾਂ ਹੱਥਾਂ ਨਾਲ ਲਿਖਣ ਦਾ ਹੁਨਰ ਹੈ। ਇਸ ਸਕੂਲ 'ਚ ਕਰੀਬ 200 ਬੱਚੇ ਪੜ੍ਹਦੇ ਹਨ। ਇਸ ਸਕੂਲ ਦੀ ਸਥਾਪਨਾ ਸਾਬਕਾ ਫ਼ੌਜੀ ਵੀ. ਪੀ. ਸ਼ਰਮਾ ਨੇ 1999 'ਚ ਕੀਤੀ ਸੀ। ਵੀ. ਪੀ. ਸ਼ਰਮਾ ਨੇ ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸ਼ਾਦ ਤੋਂ ਪ੍ਰਭਾਵਿਤ ਹੋ ਕੇ ਇਸ ਸਕੂਲ ਦੀ ਸਥਾਪਨਾ ਕੀਤੀ ਸੀ। ਸ਼ਰਮਾ ਕਹਿੰਦੇ ਹਨ, "ਵੀਨਾ ਵਾਦਿਨੀ ਪਬਲਿਕ ਸਕੂਲ 'ਚ ਕਲਾਸ-1 ਤੋਂ ਅਸੀਂ ਵਿਦਿਆਰਥੀਆਂ ਨੂੰ ਦੋਹਾਂ ਹੱਥਾਂ ਨਾਲ ਲਿਖਣ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੰਦੇ ਹਾਂ। ਜਦੋਂ ਤਕ ਉਹ ਕਲਾਸ-3 'ਚ ਪਹੁੰਚੇ ਹਨ, ਦੋਵਾਂ ਹੱਥਾਂ ਨਾਲ ਲਿਖਣ 'ਚ ਸਹਿਜ ਮਹਿਸੂਸ ਕਰਨ ਲੱਗਦੇ ਹਨ। ਕਲਾਸ-7 ਅਤੇ 8 ਤਕ ਆਉਂਦੇ-ਆਉਂਦੇ ਵਿਦਿਆਰਥੀਆਂ ਦੀ ਸਪੀਡ ਅਤੇ ਐਕਿਊਰੇਸੀ ਵੀ ਵੱਧ ਜਾਂਦੀ ਹੈ। ਹਰ ਬੱਚੇ ਨੂੰ ਇਕੱਠੇ ਦੋਵਾਂ ਹੱਥਾਂ ਨਾਲ ਦੋ ਭਾਸ਼ਾਵਾਂ 'ਚ ਲਿਖਣ ਦੀ ਸਿਖਲਾਈ ਦਿੱਤੀ ਜਾਂਦੀ ਹੈ, ਯਾਨੀ ਸਕੂਲ ਦਾ ਹਰ ਬੱਚਾ ਇਕੱਠੇ ਅੰਗਰੇਜ਼ੀ ਅਤੇ ਹਿੰਦੀ ਦੋਵੇਂ ਲਿਖ ਸਕਦਾ ਹੈ।



ਦੋਵਾਂ ਹੱਥਾਂ ਅਤੇ ਇਕੱਠੇ ਦੋ ਭਾਸ਼ਾਵਾਂ 'ਚ ਲਿਖਣ ਦੀ ਸਮਰਥਾ ਨਾਲ ਬੱਚਿਆਂ ਨੂੰ ਵੀ ਲਾਭ ਮਿਲਦਾ ਹੈ। ਆਮ ਤੌਰ 'ਤੇ ਜਿਸ ਲੇਖ ਨੂੰ ਲਿਖਣ 'ਚ ਕਿਸੇ ਬੱਚੇ ਨੂੰ ਘੰਟਿਆਂ ਦਾ ਸਮਾਂ ਲੱਗਦਾ ਹੈ, ਉਨ੍ਹਾਂ ਨੂੰ ਲਗਭਗ ਅੱਧੇ ਸਮੇਂ 'ਚ ਪੂਰਾ ਕਰ ਲੈਂਦੇ ਹਨ।

ਇਨ੍ਹਾਂ ਬੱਚਿਆਂ ਨੂੰ ਸਕੂਲ 'ਚ ਦੇਵਨਾਗਰੀ, ਉਰਦੂ, ਸਪੈਨਿਸ਼, ਰੋਮਨ, ਅੰਗਰੇਜ਼ੀ ਸਮੇਤ ਛੇ ਭਾਸ਼ਾਵਾਂ ਦਾ ਗਿਆਨ ਦਿੱਤਾ ਜਾਂਦਾ ਹੈ। ਔਸਤ ਸਕੂਲ ਦਾ ਇੱਕ ਬੱਚਾ 11 ਘੰਟਿਆਂ 'ਚ 24 ਹਜ਼ਾਰ ਸ਼ਬਦ ਲਿਖਣ ਦੀ ਸਮਰਥਾ ਰੱਖਦਾ ਹੈ। ਸਕੂਲ ਦੇ ਪ੍ਰਿੰਸੀਪਲ ਬਿਰੰਗਦ ਸ਼ਰਮਾ ਨੇ ਕਿਹਾ, "ਸਾਬਕਾ ਰਾਸ਼ਟਰਪਤੀ ਰਾਜੇਂਦਰ ਪ੍ਰਸਾਦ ਦੋਹਾਂ ਹੱਥਾਂ ਨਾਲ ਲਿਖਦੇ ਸਨ ...ਅਖ਼ਬਾਰ 'ਚ ਮੈਂ ਅਜਿਹਾ ਪੜ੍ਹਿਆ ਸੀ।" ਉਨ੍ਹਾਂ ਕਿਹਾ ਕਿ ਤਿੰਨ ਘੰਟਿਆਂ ਦਾ ਸਮਾਂ ਬੱਚਿਆਂ ਨੂੰ ਪ੍ਰੀਖਿਆ 'ਚ ਮਿਲਦਾ ਹੈ, ਪਰ ਦੋਹਾਂ ਹੱਥਾਂ ਨਾਲ ਲਿਖਣ ਕਾਰਨ ਬੱਚੇ ਡੇਢ ਘੰਟੇ 'ਚ ਆਪਣਾ ਪੇਪਰ ਪੂਰਾ ਕਰ ਲੈਂਦੇ ਹਨ।

KING GARAGE
• M.O.T • Repairs • Service • 24Hrs.Recovery
• ਅਸੀਂ ਹਰ ਕਿਸਮ ਦੀ ਕਾਰ ਅਤੇ ਵੈਨ ਦੀ ਰੀਪੇਅਰ ਅਤੇ ਸਰਵਿਸ ਕਰਨ ਵਿੱਚ ਮਾਹਰ ਹਾਂ।
• ਐਮ ਓ ਟੀ ਵੀ ਕਰਦੇ ਹਾਂ।
• 24 ਘੰਟੇ ਵਹੀਕਲ ਰੀਕਵਰੀ ਸੇਵਾ।
• ਮਸ਼ੀਨੀ ਯੰਤਰ ਨਾਲ ਕਾਰ ਜਾਂ ਵੈਨ ਦਾ ਨੁਕਸ ਫੱਟ ਲੱਭ ਲੈਂਦੇ ਹਾਂ।
• ਸਾਡਾ ਕੰਮ ਪੂਰਾ ਤਸੱਲੀਬਖਸ਼ ਅਤੇ ਕੀਮਤਾਂ ਵੀ ਵਾਜਬ।



Experienced Mechanics Required
Unit B, King Street, Walsall, WS1 4AF
Tel: 01922 620 720 Mob: 07539 836 162

# ਗਰਭਵਤੀ ਪਤਨੀ ਦੇ ਕਾਤਲ ਪੰਜਾਬੀ ਨੂੰ ਅਦਾਲਤ ਵਲੋਂ ਰਾਹਤ

ਸਰੀ: 2006 ’ਚ ਆਪਣੀ ਚਾਰ ਮਹੀਨਿਆਂ ਦੀ ਗਰਭਵਤੀ ਪਤਨੀ ਦਾ ਗਲਾ ਘੁੱਟ ਕੇ ਉਸ ਦੀ ਲਾਸ਼ ਨੂੰ ਸਾੜਨ ਵਾਲੇ ਪੰਜਾਬੀ ਮੂਲ ਦੇ 51 ਸਾਲਾ ਸਾਬਕਾ ਹਾਈ ਸਕੂਲ ਅਧਿਆਪਕ ਨੂੰ ਕੈਨੇਡਾ ’ਚ ਪੂਰੀ ਪੈਰੋਲ ਮਿਲ ਗਈ ਹੈ। CBC News ਚੈਨਲ ਦੀ ਰਿਪੋਰਟ ਮੁਤਾਬਿਕ ਮੁਖਤਿਆਰ ਸਿੰਘ ਪੰਘਾਲੀ ਨੂੰ ਸ਼ੁਰਆਤ ’ਚ 2011 ’ਚ ਬ੍ਰਿਟਿਸ਼ ਕੋਲੰਬੀਆ ’ਚ ਸਰੀ ਦੇ ਘਰ ’ਚ ਮਨਜੀਤ ਦਾ ਕਤਲ ਕਰਨ ਲਈ ਪੈਰੋਲ ਦੀ ਸੰਭਾਵਨਾ ਤੋਂ ਬਿਨਾਂ ਉਮਰ ਕੈਦ ਜਾਂ 15 ਸਾਲ ਦੀ ਸਜ਼ਾ ਸੁਣਾਈ ਗਈ ਸੀ।





ਅਕਤੂਬਰ 2006 ’ਚ ਉਸ ਦੇ ਪਤੀ ਦੁਆਰਾ ਲਾਪਤਾ ਹੋਣ ਦੀ ਰਿਪੋਰਟ ਤੋਂ ਪੰਜ ਦਿਨਾਂ ਬਾਅਦ ਪੁਲੀਸ ਨੂੰ 31 ਸਾਲਾ ਮਨਜੀਤ ਦੀ ਸੜੀ ਹੋਈ ਲਾਸ਼ ਡੈਲਟਾ ’ਚ ਰੌਬਰਟਸ ਬੈਂਕ ਨੇੜੇ ਇੱਕ ਬੀਚ ’ਤੇ ਮਿਲੀ ਸੀ। ਮੁਖਤਿਆਰ ਸਿੰਘ, ਜਿਸ ਨੂੰ ਪਹਿਲੀ ਵਾਰ 2007 ’ਚ ਗ੍ਰਿਫ਼ਤਾਰ ਕੀਤਾ ਗਿਆ ਸੀ, 2012 ’ਚ ਦੂਜੇ ਦਰਜੇ ਦੇ ਕਤਲ ਲਈ ਉਮਰ ਕੈਦ ਦੀ ਸਜ਼ਾ ਬਾਰੇ ਅਪੀਲ ਹਾਰ ਗਿਆ ਸੀ। ਖ਼ਬਰਾਂ ਅਨੁਸਾਰ, ਉਸ ਨੂੰ ਪਿਛਲੇ ਸਾਲ ਇੱਕ ਦਿਨ ਦੀ ਪੈਰੋਲ ਦਿੱਤੀ ਗਈ ਸੀ, ਅਤੇ 2021 ’ਚ ਜੇਲ੍ਹ ਤੋਂ ਅਸਥਾਈ ਤੌਰ ’ਤੇ ਗ਼ੈਰਹਾਜ਼ਰ ਰਹਿਣ ਦੀ ਇਜਾਜ਼ਤ ਵੀ ਉਸ ਨੂੰ ਦਿੱਤੀ ਗਈ ਸੀ। ਕੈਨੇਡਾ ਦੇ ਪੈਰੋਲ ਬੋਰਡ ਨੇ ਇਸ ਮਹੀਨੇ ਮੁਖਤਿਆਰ ਸਿੰਘ ਨੂੰ ਪੂਰੀ ਪੈਰੋਲ ਦਿੰਦੇ ਹੋਏ ਉਮੀਦ ਜਤਾਈ ਹੈ ਕਿ ਉਹ ਸਮਾਜ ਲਈ ਕੋਈ ਖ਼ਤਰਾ ਨਹੀਂ ਪੈਦਾ ਕਰੇਗਾ।

ਉਸ ਦੀ ਰਿਹਾਈ ’ਤੇ ਸ਼ਰਤਾਂ ਜੋੜਦੇ ਹੋਏ ਬੋਰਡ ਨੇ ਮੁਖਤਿਆਰ ਸਿੰਘ ਨੂੰ ਸ਼ਰਾਬ ਤੋਂ ਪ੍ਰਹੇਜ਼ ਕਰਨ ਅਤੇ ਔਰਤਾਂ ਨਾਲ ਸਾਰੇ ਜਿਣਸੀ ਅਤੇ ਗ਼ੈਰ-ਜਿਣਸੀ ਸਬੰਧਾਂ ਦੀ ਰਿਪੋਰਟ ਆਪਣੇ ਪੈਰੋਲ ਅਧਿਕਾਰੀ ਨੂੰ ਦੇਣ ਲਈ ਕਿਹਾ। ਉਸ ਨੂੰ ਮਨਜੀਤ ਦੇ ਜੈਵਿਕ ਪਰਿਵਾਰ ਨਾਲ ਸੰਪਰਕ ਨਾ ਕਰਨ ਲਈ ਵੀ ਕਿਹਾ ਗਿਆ ਹੈ ਜਿਸ ’ਚ ਉਸ ਦੀ ਧੀ ਵੀ ਸ਼ਾਮਿਲ ਹੈ ਜੋ ਆਪਣੀ ਮਾਂ ਦੀ ਮੌਤ ਵੇਲੇ ਚਾਰ ਸਾਲਾਂ ਦੀ ਸੀ। ਬੋਰਡ ਨੇ ਕਿਹਾ ਕਿ ਮੁਖਤਿਆਰ ਸਿੰਘ ਨੇ ਪਛਤਾਵਾ ਦਿਖਾਇਆ ਜਿਸ ਮਗਰੋਂ ਉਸ ਨੂੰ ਪੈਰੋਲ ਦਿੱਤੀ ਗਈ। ਬੋਰਡ ਨੇ ਮੁਖਤਿਆਰ ਸਿੰਘ ਦੀ ਪੈਰੋਲ ਸੁਣਵਾਈ ਬਾਰੇ ਲਿਖਿਆ, ਤੁਸੀਂ ਆਪਣੀਆਂ ਕਾਰਵਾਈਆਂ ਲਈ ਅਫ਼ਸੋਸ ਪ੍ਰਗਟ ਕੀਤਾ, ਤੁਸੀਂ ਭਵਿੱਖ-ਮੁਖੀ ਦਿਖਾਈ ਦਿੱਤੇ।

# ਮਲਾਲਾ ਨੇ ਫ਼ਿਲਿਸਤੀਨੀਆਂ ਲਈ ਦਾਨ ਕੀਤੇ ਤਿੰਨ ਲੱਖ ਡਾਲਰ

ਵੈਨਕੂਵਰ: ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫ਼ਜ਼ਈ ਨੇ ਗ਼ਾਜ਼ਾ ਹਸਪਤਾਲ ਹਮਲੇ ਦੀ ਨਿੰਦਾ ਕਰਨ ਲਈ X ’ਤੇ ਪਹੁੰਚ ਕੀਤੀ। ਉਸ ਨੇ ਇਜ਼ਰਾਇਲੀ ਸਰਕਾਰ ਨੂੰ ਗ਼ਾਜ਼ਾ ’ਚ ਮਾਨਵਤਾਵਾਦੀ ਸਹਾਇਤਾ ਦੀ ਆਗਿਆ ਦੇਣ ਅਤੇ ਜੰਗਬੰਦੀ ਦੀ ਮੰਗ ਕੀਤੀ। ਮਲਾਲਾ ਨੇ ਸੰਕਟ ਤੋਂ ਪ੍ਰਭਾਵਿਤ ਫ਼ਿਲਿਸਤੀਨੀ ਵਿਅਕਤੀਆਂ ਦੀ ਮਦਦ ਕਰਨ ਵਾਲੀਆਂ ਤਿੰਨ ਚੈਰਿਟੀਆਂ ਨੂੰ 2.5 ਕਰੋੜ ਰੁਪਏ ਦਾ ਦਾਨ ਵੀ ਦਿੱਤਾ।



ਗ਼ਾਜ਼ਾ ਦੇ ਅਲ ਅਹਲੀ ਹਸਪਤਾਲ ’ਤੇ ਬੰਬ ਧਮਾਕੇ, ਜਿਸ ਦੇ ਨਤੀਜੇ ਵਜੋਂ ਲਗਭਗ 500 ਲੋਕ ਮਾਰੇ ਗਏ ਸਨ, ਨੇ ਵਿਆਪਕ ਵਿਸ਼ਵ-ਵਿਆਪੀ ਨਿੰਦਾ ਸ਼ੁਰੂ ਕੀਤੀ ਸੀ। ਇਜ਼ਰਾਇਲ ਨੇ ਇਸ ਘਟਨਾ ਦਾ ਕਾਰਨ ਹਮਾਸ ਨਾਲ ਜੁੜੇ ਇੱਕ ਸਮੂਹ ਇਸਲਾਮਿਕ ਜੇਹਾਦ ਦੁਆਰਾ ਚਲਾਏ ਗਏ ਇੱਕ ਗਲਤ ਰਾਕੇਟ ਨੂੰ ਦਿੱਤਾ ਜਦੋਂ ਕਿ ਹਮਾਸ ਨੇ ਦਾਅਵਾ ਕੀਤਾ ਕਿ ਇਜ਼ਰਾਇਲ ਨੇ ਹਵਾਈ ਹਮਲੇ ਕੀਤੇ ਸਨ।

ਮਲਾਲਾ ਯੂਸਫ਼ਜ਼ਈ ਨੇ ਇੱਕ ਵੀਡੀਓ ਸੰਦੇਸ਼ ’ਚ ਕਿਹਾ, “ਮੈਂ ਗ਼ਾਜ਼ਾ ’ਚ ਅਲ-ਅਹਲੀ ਹਸਪਤਾਲ ’ਤੇ ਬੰਬ ਧਮਾਕੇ ਨੂੰ ਦੇਖ ਕੇ ਬਹੁਤ ਘਬਰਾ ਗਈ ਹਾਂ ਅਤੇ ਸਪੱਸ਼ਟ ਤੌਰ ’ਤੇ ਇਸ ਦੀ ਨਿੰਦਾ ਕਰਦੀ ਹਾਂ।

ਮੈਂ ਇਜ਼ਰਾਇਲ, ਫ਼ਿਲਿਸਤੀਨ ਅਤੇ ਦੁਨੀਆਂ ਭਰ ਦੇ ਸ਼ਾਂਤੀ ਲਈ ਪੁਕਾਰ ਰਹੇ ਲੋਕਾਂ ਲਈ ਆਪਣੀ ਆਵਾਜ਼ ਜੋੜ ਰਹੀ ਹਾਂ। ਸਮੂਹਿਕ ਸਜ਼ਾ ਇਸ ਦਾ ਜਵਾਬ ਨਹੀਂ। ਗ਼ਾਜ਼ਾ ਦੀ ਅੱਧੀ ਆਬਾਦੀ ਦੀ ਉਮਰ 18 ਸਾਲ ਤੋਂ ਘੱਟ ਹੈ ਅਤੇ ਉਨ੍ਹਾਂ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਬੰਬਾਰੀ ਅਤੇ ਬੇਇਨਸਾਫ਼ੀ ਦੇ ਅਧੀਨ ਨਹੀਂ ਗੁਜ਼ਾਰਨੀ ਚਾਹੀਦੀ।”

ਉਸ ਨੇ ਗ਼ਾਜ਼ਾ ’ਚ ਮਾਨਵਤਾਵਾਦੀ ਸਹਾਇਤਾ ਦੇ ਦਾਖਲੇ ਦੀ ਸਹੂਲਤ ਦੇਣ ਲਈ ਇਜ਼ਰਾਇਲੀ ਸਰਕਾਰ ਨੂੰ ਅਪੀਲ ਕੀਤੀ ਅਤੇ ਇਸ ਸੰਕਟ ਦੌਰਾਨ ਫ਼ਿਲਿਸਤੀਨੀ ਆਬਾਦੀ ਦਾ ਸਮਰਥਨ ਕਰਨ ਵਾਲੀਆਂ ਤਿੰਨ ਚੈਰਿਟੀਆਂ ਨੂੰ ਤਿੰਨ ਲੱਖ ਡਾਲਰਾਂ ਦੇ ਯੋਗਦਾਨ ਦਾ ਐਲਾਨ ਕੀਤਾ। ਮਲਾਲਾ ਨੇ ਦੂਜਿਆਂ ਨੂੰ ਇਨ੍ਹਾਂ ਚੈਰੀਟੇਬਲ ਸੰਸਥਾਵਾਂ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕੀਤਾ।

ਨੋਬਲ ਪੁਰਸਕਾਰ ਜੇਤੂ ਨੇ ਸਰਕਾਰਾਂ ਨੂੰ ਤੁਰੰਤ ਜੰਗਬੰਦੀ ਦੀ ਪੈਰਵੀ ਕਰਨ ਅਤੇ ਸਥਾਈ ਸ਼ਾਂਤੀ ਲਈ ਕੰਮ ਕਰਨ ਦਾ ਸੱਦਾ ਦਿੱਤਾ।


Rattu News & Booze.





Specialist in:
- All Asian Grocery
- Fresh Fruit &
- Vegetables. Pay Point.

Lottery. Open 7 Days
Friendly Service.



ਸਾਡੇ ਕੋਲੋਂ ਹਰ ਕਿਸਮ ਦੀਆਂ ਦਾਲਾਂ, ਡਰਾਈ ਫਰੂਟ, ਏਸ਼ੀਅਨ ਗ੍ਰੌਸਰੀ, ਤਾਜ਼ੇ ਫਲ, ਤਾਜ਼ੀਆਂ ਸਬਜ਼ੀਆਂ ਬਹੁਤ ਹੀ ਸਸਤੇ ਭਾਅ 'ਤੇ ਮਿਲਦੀਆਂ ਹਨ।

ਘਰਾਂ ਦੇ ਬਿੱਲ ਦੇਣ ਦੀ ਸਹੂਲਤ

ਲੌਟਰੀ ਜਿੱਤਣ ਦੇ ਮੌਕੇ ਵੀ ਉਪਲੱਬਧ ਹਨ।

ਅਸੀਂ ਤੁਹਾਡੀ ਸੇਵਾ ਵਿੱਚ ਸੱਤੇ ਦਿਨ ਖੁੱਲ੍ਹੇ ਰਹਿੰਦੇ ਹਾਂ।



Mr. Rattu
07947 623 899

OPENING TIMES Mon to Sat: 7.00 AM to 8.00 PM
Sun: 8.00 AM to 8.00 PM

436-438 West Bromwich Road,
Walsall WS5 4NS | Tel: 01922 646 777



PETE'S HEATING

- GAS SAFE REGISTERED
- CENTRAL HEATING & BOILER REPAIR
- ELECTRICAL REWIRING
- LAND LORDS CERTIFICATE
- PLUMBING & BATHROOM FITTED
- COMPETITIVE PRICES
- GUARANTEED WORK
- MIDLAND BASED
- SUPPLIER & INSTALLER OF VAILLANT & WORCESTER BOSCH
Credited With 5 or 7 Year Guarantee
- ALSO DOES EPCS

24 HRS EMERGENCY SERVICE



CONTACT PETE
07956 360 942
phs.10@hotmail.co.uk

10% Discount with this advert

# ਸਿੱਖ ਮੇਅਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੁੱਖਦਾਈ - ਜਥੇਦਾਰ

ਅੰਮ੍ਰਿਤਸਰ: ਅਮਰੀਕਾ ਦੇ ਸੂਬੇ ਨਿਊ ਜਰਜ਼ੀ ਦੇ ਸ਼ਹਿਰ ਹੋਬੋਕੇਨ ਦੇ ਸਿੱਖ ਮੇਅਰ ਰਵੀ ਭੱਲਾ ਨੂੰ ਨਸਲਵਾਦ ਤਹਿਤ ਪਰਿਵਾਰ ਸਮੇਤ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੰਭੀਰ ਨੋਟਿਸ ਲਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਸਿੱਖ ਫ਼ਲਸਫ਼ਾ ਅੰਤਰ-ਧਰਮ ਸਦਭਾਵਨਾ ਅਤੇ ਆਲਮੀ ਭਾਈਚਾਰੇ ਦਾ ਸਭ ਤੋਂ ਵੱਡਾ ਮੁਦੱਈ ਹੈ, ਪਰ ਇਸ ਦੇ ਬਾਵਜੂਦ ਵਿਦੇਸ਼ਾਂ 'ਚ ਸਿੱਖਾਂ ਨਾਲ ਪਛਾਣ ਦੇ ਭੁਲੇਖੇ ਕਾਰਨ ਜਾਂ ਨਸਲੀ ਨਫ਼ਰਤ ਕਾਰਨ ਵੱਧ ਰਹੇ ਅਪਰਾਧ ਦੁਖਦਾਈ ਹਨ।ਉਨ੍ਹਾਂ ਕਿਹਾ ਕਿ ਰਵੀ ਭੱਲਾ ਅਮਰੀਕਾ ਦੇ ਸ਼ਹਿਰ ਹੋਬੋਕੇਨ ਦੇ ਨਵੰਬਰ 2017 'ਚ ਬਣਨ ਵਾਲੇ ਪਹਿਲੇ ਸਿੱਖ ਮੇਅਰ ਸਨ ਜਿਨ੍ਹਾਂ ਨੂੰ ਇਹ ਰੁਤਬਾ ਆਪਣੀ ਲਿਆਕਤ, ਇਮਾਨਦਾਰੀ, ਮਿਹਨਤ ਅਤੇ ਵਿਸ਼ਵਾਸਯੋਗਤਾ ਕਾਰਨ ਮਿਲਿਆ। ਉਨ੍ਹਾਂ ਕਿਹਾ ਕਿ ਰਵੀ ਭੱਲਾ ਨੂੰ ਪੱਤਰਾਂ ਤੇ ਈ-ਮੇਲ ਰਾਹੀਂ ਅਸਤੀਫ਼ਾ ਦੇਣ ਜਾਂ ਫ਼ਿਰ ਪਰਿਵਾਰ ਸਮੇਤ ਜਾਨ ਦੇਣ ਲਈ ਤਿਆਰ ਰਹਿਣ ਦੀਆਂ ਧਮਕੀਆਂ ਮਿਲਣੀਆਂ ਮਨੁੱਖਤਾ ਵਿਰੋਧੀ ਕਾਰਵਾਈ ਹੈ। ਜਿਸ ਦੇ ਖ਼ਿਲਾਫ਼ ਅਮਰੀਕਾ ਦੀ ਸਰਕਾਰ ਨੂੰ ਤੁਰੰਤ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਸਿੱਖ ਦੁਨੀਆਂ ਭਰ ਦੇ ਜਿਸ ਵੀ ਖਿੱਤੇ ਅਤੇ ਮੁਲਕ 'ਚ ਵੱਸੇ ਹਨ, ਉਹ ਆਪਣੀਆਂ ਮਾਨਤਾਵਾਂ 'ਚ ਪ੍ਰਪੱਕ ਰਹਿੰਦਿਆਂ ਉੱਥੋਂ ਦੇ ਆਰਥਿਕ, ਸਮਾਜਕ ਅਤੇ ਰਾਜਨੀਤਕ ਖੇਤਰਾਂ 'ਚ ਭਰਪੂਰ ਯੋਗਦਾਨ ਪਾ ਰਹੇ ਹਨ। ਸਿੱਖਾਂ ਨਾਲ ਆਏ ਦਿਨ ਨਸਲੀ ਨਫ਼ਰਤ ਕਾਰਨ ਵਿਦੇਸ਼ਾਂ 'ਚ ਨਸਲੀ ਹਮਲੇ ਹੋਣੇ ਅਸਹਿਣਯੋਗ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਾਰਤ ਸਥਿਤ ਅਮਰੀਕਾ ਦੇ ਦੂਤਾਵਾਸ ਕੋਲ ਸਿੱਖ ਮੇਅਰ ਰਵੀ ਭੱਲਾ ਨੂੰ ਨਸਲੀ ਧਮਕੀਆਂ ਮਿਲਣ ਦੀ ਘਟਨਾ ਸਬੰਧੀ ਸਿੱਖ ਭਾਵਨਾਵਾਂ ਦਰਜ ਕਰਵਾਉਣੀਆਂ ਚਾਹੀਦੀਆਂ ਹਨ ਅਤੇ ਇਹੋ ਜਿਹੇ ਹਮਲੇ ਰੋਕਣ ਲਈ ਮੰਗ ਕਰਨੀ ਚਾਹੀਦੀ ਹੈ।



# ਸ਼ਾਹੂਕਾਰ ਦਾ ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਦੇ ਲਾਏ ਪੋਸਟਰ, ਪੁੱਤ-ਧੀ ਮੰਗ ਚੁੱਕੇ ਨੇ ਇੱਛਾ ਮੌਤ

ਨਾਂਦੇੜ: ਸ਼ਾਹੂਕਾਰ ਦਾ ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਦੇ ਪੋਸਟਰ 'ਤੇ ਇੱਥੇ ਹੰਗਾਮਾ ਸ਼ੁਰੂ ਹੋ ਗਿਆ। ਇਹ ਅਜੀਬ ਪੋਸਟਰ ਨਾਂਦੇੜ ਕੋਲੈਕਟਰੇਟ ਦੇ ਬਾਹਰ ਲੱਗੇ ਨਜ਼ਰ ਆਏ।

ਪੁਲੀਸ ਵਲੋਂ ਜਾਂਚ ਕਰਨ 'ਤੇ ਪਤਾ ਲੱਗਾ ਕਿ ਇਹ ਪੋਸਟਰ ਇੱਕ ਔਰਤ ਨੇ ਲਾਏ ਹਨ। ਪੋਸਟਰ 'ਤੇ ਮੋਬਾਇਲ ਨੰਬਰ ਵੀ ਲਿਖਿਆ ਸੀ, ਜਿਸ ਦੇ ਰਾਹੀਂ ਪੁਲਸ ਔਰਤ ਤਕ ਪਹੁੰਚ ਸਕੀ। ਇਹ ਪੋਸਟਰ ਸਤਯਭਾਮਾ ਕੁੰਚਲਵਾਰ ਨਾਂ ਦੀ ਔਰਤ ਨੇ ਲਾਏ ਹਨ। ਔਰਤ ਦਾ ਕਹਿਣਾ ਹੈ ਕਿ ਉਸ ਨੇ ਸ਼ਾਹੂਕਾਰ ਦਾ ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਦੇ ਪੋਸਟਰ ਲਾਏ ਸਨ। ਪੁਲੀਸ ਨੇ ਔਰਤ ਦਾ ਬਿਆਨ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਰਿਪੋਰਟ ਮੁਤਾਬਿਕ ਨਾਂਦੇੜ ਦੇ ਮੁਡਖੇਡ ਤਾਲੁਕ ਦੀ ਸਤਯਭਾਮਾ ਕੁੰਚਲਵਾਰ ਦੇ ਪਤੀ ਬਾਲਾਜੀ ਕੁੰਚਲਵਾਰ ਨੂੰ ਸੱਪ ਨੇ ਡੰਗ ਮਾਰ ਦਿੱਤਾ ਸੀ। ਉਸ ਦੇ ਇਲਾਜ ਲਈ ਸਤਯਭਾਮਾ ਨੇ ਸ਼ਾਹੂਕਾਰਾਂ ਤੋਂ ਵਿਆਜ 'ਤੇ ਦੋ ਲੱਖ ਰੁਪਏ ਲਏ ਸਨ। ਬਾਅਦ 'ਚ ਉਨ੍ਹਾਂ ਨੂੰ ਕਈ ਵਾਰ ਭੁਗਤਾਨ ਕੀਤਾ ਗਿਆ। ਹਾਲਾਂਕਿ ਪੂਰਾ ਪੈਸਾ ਨਾ ਦੇਣ 'ਤੇ ਔਰਤ ਦੇ ਪਤੀ ਨੂੰ ਸ਼ਾਹੂਕਾਰਾਂ ਨੇ ਬੁਰੀ ਤਰ੍ਹਾਂ ਕੁੱਟਿਆ ਸੀ।

ਸਤਯਭਾਮਾ ਦੇ ਬੇਟੇ ਸਿਧਾਂਤ ਤੇ ਬੇਟੀ ਸ੍ਰਿਸ਼ਟੀ ਨੇ 3 ਜੁਲਾਈ 2021 ਨੂੰ ਕੋਲੈਕਟਰ ਅਤੇ ਪੁਲੀਸ ਸੁਪਰਇਨਟੈਂਡੈਂਟ ਨੂੰ ਚਿੱਠੀ ਲਿਖੀ ਸੀ ਅਤੇ ਮੰਗ ਕੀਤੀ ਸੀ ਕਿ ਇਸ ਮਾਮਲੇ 'ਚ ਕਾਰਵਾਈ ਕੀਤੀ ਜਾਵੇ ਜਾਂ ਇੱਛਾ ਮੌਤ ਦੀ ਇਜਾਜ਼ਤ ਦਿੱਤੀ ਜਾਵੇ।

# ਮੇਲੇ ਗਏ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ

ਬਠਿੰਡਾ: ਇਤਿਹਾਸਕ ਮਾਇਸਰਖ਼ਾਨਾ ਮੇਲੇ ਦੌਰਾਨ ਨੌਜਵਾਨ ਦਾ ਕਤਲ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਪਿੰਡ ਮਾਇਸਰਖ਼ਾਨਾ ਦੇ ਨੌਜਵਾਨ ਮਨਦੀਪ ਸਿੰਘ (26) ਪੁੱਤਰ ਜਗਸੀਰ ਸਿੰਘ ਦਾ ਤੇਜ਼ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।ਮੇਲੇ ਦੌਰਾਨ ਰਾਤ ਦਾ ਫ਼ਾਇਦਾ ਉਠਾ ਕੇ ਹਮਲਾਵਰਾਂ ਵਲੋਂ ਇਸ ਘਟਨਾ ਨੂੰ ਅੰਜ਼ਾਮ ਦਿੰਦੇ ਹੋਏ ਨੌਜਵਾਨ ਨੂੰ ਬਠਿੰਡਾ ਮਾਨਸਾ ਰੋਡ 'ਤੇ ਤੇਜ਼ਧਾਰ ਹਥਿਆਰਾਂ ਨਾਲ ਵੱਢ ਦਿੱਤਾ ਗਿਆ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਮੁਤਾਬਿਕ ਉਨ੍ਹਾਂ ਦਾ ਮੁੰਡਾ ਸ਼ਾਮ ਸਮੇਂ ਮੇਲੇ 'ਚ ਗਿਆ ਸੀ ਜਿੱਥੇ ਕਿ ਕੁਝ ਅਣਪਛਾਤੇ ਲੋਕਾਂ ਵਲੋਂ ਉਸ ਦਾ ਕਤਲ ਕਰ ਦਿੱਤਾ।ਉਨ੍ਹਾਂ ਕਿਹਾ ਕਿ ਮ੍ਰਿਤਕ ਦਾ ਕਿਸੇ ਨਾਲ ਕੋਈ ਲੜਾਈ ਝਗੜਾ ਵੀ ਨਹੀਂ ਸੀ। ਕੋਟਫ਼ੱਤਾ ਪੁਲੀਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਬਠਿੰਡਾ ਭੇਜ ਦਿੱਤਾ ਹੈ। ਕੋਟਫ਼ੱਤਾ ਦੇ SHO ਨਾਲ ਗੱਲਬਾਤ ਕਰਨ ਤੇ ਉਨ੍ਹਾਂ ਕਿਹਾ ਕਿ ਪੁਲੀਸ ਵਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਲਦੀ ਹੀ ਇਸ ਕਤਲ ਲਈ ਜ਼ਿੰਮੇਵਾਰ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



# ਅਦਾਕਾਰਾ ਅਤੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ: ਪੰਜਾਬੀ ਫ਼ਿਲਮਾਂ 'ਚ ਕੰਮ ਕਰ ਚੁੱਕੀ ਅਦਾਕਾਰਾ ਤੇਜਿੰਦਰ ਕੌਰ ਉਰਫ਼ ਤੇਜੀ ਸੰਧੂ ਤੇ ਉਸ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਥਾਣਾ ਦੁੱਗਰੀ ਪੁਲੀਸ ਨੇ ਪ੍ਰਵਾਸੀ ਮਜ਼ਦੂਰ ਦੀ ਸ਼ਿਕਾਇਤ 'ਤੇ ਨਾਜਾਇਜ਼ ਕਬਜ਼ੇ ਦੀ ਕੋਸ਼ਿਸ਼ ਅਤੇ ਧਮਕੀਆਂ ਦੇਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਤੇਜੀ ਸੰਧੂ ਨੇ ਫ਼ੇਸਬੁੱਕ 'ਤੇ ਲਾਈਵ ਹੋ ਕੇ ਦੋਸ਼ ਲਾਇਆ ਸੀ ਕਿ ਪਰ੍ਵਾਸੀ ਮਜ਼ਦੂਰ ਉਨ੍ਹਾਂ ਦੀ ਜਗ੍ਹਾ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਪੁਲੀਸ ਵਲੋਂ ਮਾਮਲੇ ਦੀ ਜਾਂਚ ਤੋਂ ਬਾਅਦ ਧਾਂਦਰਾ ਰੋਡ 'ਤੇ ਸਥਿਤ ਸ਼ਹੀਦ ਭਗਤ ਸਿੰਘ ਨਗਰ ਦੇ ਵਸਨੀਕ ਬਿਮਲੇਸ਼ ਕੁਮਾਰ ਰਿਸ਼ੀ ਦੀ ਸ਼ਿਕਾਇਤ 'ਤੇ ਅਦਾਕਾਰਾ ਤੇਜਿੰਦਰ ਕੌਰ ਤੇਜੀ ਸੰਧੂ, ਗੁਰਪ੍ਰੀਤ ਸਿੰਘ, ਦਿਲਬਰ ਸਿੰਘ, ਲਵਪ੍ਰੀਤ ਸਿੰਘ ਪੇਂਡੂ, ਬਲਜਿੰਦਰ ਸਿੰਘ ਜਿਮ ਵਾਲਾ, ਦਿਲਬਰ ਸਿੰਘ ਦੀ ਭੂਆ ਨੇਤਰੀ, ਪੰਕਜ ਸ਼ਰਮਾ, ਦਿਲਬਰ ਸਿੰਘ ਦੀ ਪਤਨੀ, ਗੁਰਪ੍ਰੀਤ ਸਿੰਘ ਦੀ ਪਤਨੀ ਤੇ ਕੋਚਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।



ਬਿਮਲੇਸ਼ ਕੁਮਾਰ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਉਹ ਦਿਲਬਰ ਸਿੰਘ ਕੋਲੋਂ 100 ਗਜ਼ ਜਗ੍ਹਾ ਕਿਰਾਏ 'ਤੇ ਲੈ ਕੇ ਵਾਹਨਾਂ ਦੀ ਮੁਰੰਮਤ ਦਾ ਕੰਮ ਕਰਦਾ ਸੀ। ਉਹ ਦਿਲਬਰ ਸਿੰਘ ਨੂੰ ਔਨ-ਲਾਈਨ ਕਿਰਾਇਆ ਭੇਜਦਾ ਰਿਹਾ ਹੈ। ਜਗ੍ਹਾ ਦੇ ਵਿਵਾਦ ਮਗਰੋਂ ਮਾਮਲਾ ਅਦਾਲਤ 'ਚ ਪੁੱਜ ਗਿਆ ਤੇ 12 ਅਕਤੂਬਰ ਨੂੰ ਉਸ ਦੇ ਹੱਕ 'ਚ ਅਦਾਲਤ ਨੇ ਸਟੇਅ ਦੇ ਦਿੱਤੀ। ਉਹ ਜਦੋਂ 19 ਅਕਤੂਬਰ ਨੂੰ ਦੁਕਾਨ 'ਤੇ ਪੁੱਜਿਆ ਤਾਂ ਸਾਰਾ ਸਾਮਾਨ ਚੋਰੀ ਹੋ ਚੁੱਕਾ ਸੀ ਤੇ ਮੁਲਜ਼ਮ ਕਬਜ਼ਾ ਕਰਨ ਦੀ ਨੀਅਤ ਨਾਲ ਉਸ ਦੀ ਦੁਕਾਨ 'ਚ ਬੈਠੇ ਸਨ। ਉਨ੍ਹਾਂ ਸ਼ਿਕਾਇਤਕਰਤਾ ਨੂੰ ਧਮਕੀਆਂ ਵੀ ਦਿੱਤੀਆਂ।




# ਫ਼ਿਲਸਤੀਨ ਖਿਲਾਫ਼ ਟਵੀਟ ਕਰਨ ਵਾਲੇ ਭਾਰਤੀ ਡਾਕਟਰ ਨੂੰ ਨੌਕਰੀ ਤੋਂ ਕੱਢਿਆ

ਸਰੀ: ਬਹਿਰੀਨ 'ਚ ਇੱਕ 50 ਸਾਲਾ ਭਾਰਤੀ ਡਾਕਟਰ ਨੂੰ ਫ਼ਿਲਸਤੀਨ ਖ਼ਿਲਾਫ਼ ਟਵੀਟ ਕਰਨ 'ਤੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਡਾਕਟਰ ਦੇ ਮਾਲਕ ਨੇ ਇੱਕ ਬਿਆਨ 'ਚ ਇਹ ਜਾਣਕਾਰੀ ਦਿੱਤੀ। ਰਾਇਲ ਬਹਿਰੀਨ ਹਸਪਤਾਲ ਨੇ ਇੱਕ ਬਿਆਨ 'ਚ ਡਾ. ਸੁਨੀਲ ਰਾਓ ਦੇ ਟਵੀਟ ਨੂੰ ਹਸਪਤਾਲ ਦੇ ਜ਼ਾਬਤੇ ਦੀ ਉਲੰਘਣਾ ਕਰਾਰ ਦਿੱਤਾ ਅਤੇ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਹਾਲਾਂਕਿ, ਬਾਅਦ 'ਚ ਟਵੀਟ ਨੂੰ ਡਿਲੀਟ ਕਰ ਦਿੱਤਾ ਗਿਆ ਸੀ। ਬਹਿਰੀਨ ਖੁੱਲ੍ਹ ਕੇ ਫ਼ਿਲਸਤੀਨ ਦਾ ਸਮਰਥਨ ਕਰਦਾ ਹੈ ਅਤੇ ਉਸ ਦੇ ਇਲਾਕੇ 'ਤੇ ਇਜ਼ਰਾਇਲ ਦੇ ਕਬਜ਼ੇ ਦੀ ਆਲੋਚਨਾ ਵੀ ਕਰਦਾ ਹੈ। ਅਜਿਹੇ 'ਚ ਬਹਿਰੀਨ ਦੇ ਲੋਕਾਂ 'ਚ ਫ਼ਿਲਸਤੀਨ ਨੂੰ ਲੈ ਕੇ ਖ਼ਾਸ ਭਾਵਨਾਵਾਂ ਹਨ।



ਹਸਪਤਾਲ ਨੇ ਇੱਕ ਬਿਆਨ 'ਚ ਕਿਹਾ, "ਸਾਡੇ ਧਿਆਨ 'ਚ ਆਇਆ ਸੀ ਕਿ ਇੰਟਰਨਲ ਮੈਡੀਸਨ ਦੇ ਮਾਹਿਰ ਡਾ. ਸੁਨੀਲ ਰਾਓ ਨੇ ਸ਼ੋਸਲ ਮੀਡੀਆ 'ਤੇ ਅਜਿਹੇ ਟਵੀਟ ਕੀਤੇ ਜੋ ਸਾਡੇ ਸਮਾਜ ਲਈ ਇਤਰਾਜ਼ਯੋਗ ਸਨ।" ਬਿਆਨ ਮੁਤਾਬਿਕ, "ਅਸੀਂ ਇਸ ਗੱਲ ਦੀ ਪੁਸ਼ਟੀ ਕਰਦੇ ਹਾਂ ਕਿ ਉਨ੍ਹਾਂ ਦੇ (ਡਾਕਟਰ ਦੇ) ਟਵੀਟ ਅਤੇ ਵਿਚਾਰ ਅਤੇ ਵਿਚਾਰਧਾਰਾ ਨਿੱਜੀ ਹਨ ਪਰ ਇਹ ਹਸਪਤਾਲ ਦੇ ਵਿਚਾਰਾਂ ਅਤੇ ਕਦਰਾਂ-ਕੀਮਤਾਂ ਨੂੰ ਨਹੀਂ ਦਰਸਾਉਂਦੇ।" ਹਸਪਤਾਲ ਨੇ ਕਿਹਾ ਕਿ ਉਸ ਨੇ ਜ਼ਰੂਰੀ ਕਾਨੂੰਨੀ ਕਾਰਵਾਈ ਕੀਤੀ ਅਤੇ ਡਾ. ਰਾਓ ਨੂੰ ਤੁਰੰਤ ਪ੍ਰਭਾਵ ਨਾਲ ਬਰਖ਼ਾਸਤ ਕਰ ਦਿੱਤਾ ਗਿਆ ਹੈ।

ਮਨ ਜਿੱਤ
ਵੀਕਲੀ

# ਦਿੱਲੀ ਦੀ ਜ਼ਹਿਰੀਲੀ ਹਵਾ

ਨਵੀਂ ਦਿੱਲੀ ਦੇ ਵਸਨੀਕਾਂ ਨੇ ਸੋਮਵਾਰ ਵਾਲੇ ਦਿਨ ਸੰਸਾਰ ਦੀ ਸਭ ਤੋਂ ਵੱਧ ਜ਼ਹਿਰੀਲੀ ਹਵਾ ਵਿਚ ਸਾਹ ਲਿਆ ਜਦੋਂ ਕੌਮੀ ਰਾਜਧਾਨੀ ਦਾ ਹਵਾ ਗੁਣਵੱਤਾ ਸੂਚਕ ਅੰਕ ਵਧ ਕੇ 346 ਤੱਕ ਚਲਾ ਗਿਆ। ਸਵਿਟਜਰਲੈਂਡ ਦੀ ਹਵਾ ਗੁਣਵੱਤਾ ਤਕਨਾਲੋਜੀ ਕੰਪਨੀ ਏਕਿਊ ਏਅਰ ਨੇ ਇਸ ਸਬੰਧ ਵਿਚ ਸੰਸਾਰ ਦੇ ਜਨ੍ਹਿਾਂ 110 ਸ਼ਹਿਰਾਂ ਉੱਤੇ ਨਜ਼ਰ ਰੱਖੀ, ਉਨ੍ਹਾਂ ਵਿਚੋਂ ਨਵੀਂ ਦਿੱਲੀ ਦਾ ਸੂਚਕ ਅੰਕ ਸਭ ਤੋਂ ਵੱਧ ਸੀ। ਆਗਾਮੀ ਦਿਨਾਂ ਵਿਚ ਹਵਾ ਦੀ ਹਾਲਤ ਬਦ ਤੋਂ ਬਦਤਰ ਹੋਣ ਦੇ ਆਸਾਰਾਂ ਦੇ ਮੱਦੇਨਜ਼ਰ ਇਹ ਕੌਮੀ ਰਾਜਧਾਨੀ ਖੇਤਰ (ਐੱਨਸੀਆਰ) ਅਤੇ ਨਾਲ ਲੱਗਦੇ ਇਲਾਕਿਆਂ ਵਿਚ ਹਵਾ ਨੂੰ ਸਾਫ ਬਣਾਈ ਰੱਖਣ ਲਈ ਕਾਇਮ ਕੀਤੀ ਗਈ ਸੰਸਥਾ 'ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਲਈ ਸਖ਼ਤ ਪਰਖ ਦੀ ਘੜੀ ਹੋਵੇਗੀ। ਇਸ ਕਮਿਸ਼ਨ ਦੀ ਸਥਾਪਨਾ 2021 ਵਿਚ ਇਕ ਵਿਧਾਨਕ ਸੰਸਥਾ ਵਜੋਂ ਕੀਤੀ ਗਈ ਸੀ, ਜਿਸ ਨੂੰ ਖਿੱਤੇ ਵਿਚ ਹਵਾ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਯੋਜਨਾਵਾਂ ਘੜਨ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦੇ ਕੰਮਾਂ ਵਿਚ ਸਬੰਧਤ ਸੂਬਿਆਂ (ਦਿੱਲੀ, ਹਰਿਆਣਾ, ਪੰਜਾਬ, ਰਾਜਸਥਾਨ ਤੇ ਉੱਤਰ ਪ੍ਰਦੇਸ਼) ਵਿਚ ਪਰਾਲੀ ਅਤੇ ਝੋਨੇ ਦੇ ਮੁੱਢਾਂ ਨੂੰ ਸਾੜਨ ਦੀ ਸਮੱਸਿਆ ਦਾ ਹੱਲ ਕਰਨ ਦੀ ਜ਼ਿੰਮੇਵਾਰੀ ਵੀ ਸ਼ਾਮਿਲ ਹੈ। ਦਿੱਲੀ ਰਾਜਧਾਨੀ ਖਿੱਤੇ ਵਿਚ ਪ੍ਰਦੂਸ਼ਣ ਨੂੰ ਪੜਾਅਵਾਰ ਢੰਗ ਨਾਲ ਰੋਕਣ ਲਈ ਬਣਾਈ ਗਈ ਯੋਜਨਾ 'ਗਰੇਡਿਡ ਰਿਸਪੌਂਸ ਐਕਸ਼ਨ ਪਲੈਨ (ਜੀਆਰਏਪੀ)' ਤਹਿਤ ਕੰਮ ਕੀਤਾ ਜਾ ਰਿਹਾ ਹੈ। ਕਾਰਵਾਈਆਂ ਨੂੰ ਚਾਰ ਪੜਾਵਾਂ ਵਿਚ ਵੰਡਿਆ ਗਿਆ ਹੈ ਜੋ ਇਸ ਗੱਲ ਉੱਤੇ ਨਿਰਭਰ ਹਨ ਕਿ ਹਵਾ ਦੀ ਗੁਣਵੱਤਾ ਕਿੰਨੀ ਖ਼ਰਾਬ ਹੈ। ਯੋਜਨਾ ਬਣਾਉਣ ਦੇ ਬਾਵਜੂਦ ਇਸ ਨੂੰ ਅਮਲ ਵਿਚ ਲਿਆਉਣ ਵਾਲੇ ਪੱਖੋਂ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਖਿੱਤੇ ਵਿਚ ਹਵਾ ਦੀ ਗੁਣਵੱਤਾ ਵਿਚ ਨਿਘਾਰ ਲਈ ਜ਼ਿੰਮੇਵਾਰ ਮੁੱਖ ਕਾਰਕਾਂ ਵਿਚ ਮੋਟਰ ਗੱਡੀਆਂ (ਖ਼ਾਸਕਰ ਡੀਜ਼ਲ 'ਤੇ ਚੱਲਣ ਵਾਲੇ ਚਾਰ-ਪਹੀਆ ਵਾਹਨ), ਉਸਾਰੀ ਦੇ ਕੰਮ, ਕੋਲੇ ਨਾਲ ਚੱਲਣ ਵਾਲੇ ਬਿਜਲੀ ਪਲਾਂਟ, ਪਰਾਲੀ ਸਾੜਨਾ ਆਦਿ ਸ਼ਾਮਲ ਹਨ। ਸਾਰੇ ਜਾਣਦੇ ਹਨ ਕਿ ਇਨ੍ਹਾਂ ਕਾਰਕਾਂ ਨੂੰ ਕੰਟਰੋਲ ਕਰਨ ਲਈ ਵੱਡੀ ਪੱਧਰ 'ਤੇ ਨਿਵੇਸ਼ ਅਤੇ ਵਿਸ਼ੇਸ਼ ਜਾਬਤਿਆਂ ਦੀ ਲੋੜ ਹੈ। ਉਦਾਹਰਨ ਦੇ ਤੌਰ 'ਤੇ ਕਿਸਾਨ ਜਥੇਬੰਦੀਆਂ ਮੰਗ ਕਰਦੀਆਂ ਆ ਰਹੀਆਂ ਹਨ ਕਿ ਪਰਾਲੀ ਤੇ ਝੋਨੇ ਦੇ ਮੁੱਢਾਂ ਨੂੰ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਕਿਸਾਨਾਂ ਨੂੰ ਉਚਿਤ ਮੁਆਵਜਾ ਦਿੱਤਾ ਜਾਵੇ। ਹੈਰਾਨੀ ਦੀ ਗੱਲ ਇਹ ਹੈ ਕਿ ਇਕ ਪਾਸੇ ਹਵਾ ਦੀ ਗੁਣਵੱਤਾ ਅਤੇ ਪ੍ਰਦੂਸ਼ਣ ਕਾਰਨ ਲੋਕਾਂ ਦੀ ਸਿਹਤ 'ਤੇ ਹੋਣ ਵਾਲੇ ਵੱਡੇ ਨੁਕਸਾਨ ਅਤੇ ਉਸ 'ਤੇ ਹੋਣ ਵਾਲੇ ਖਰਚ ਦਾ ਜ਼ਿ?ਕਰ ਤਾਂ ਕੀਤਾ ਜਾਂਦਾ ਹੈ ਪਰ ਇਹ ਨਹੀਂ ਦੱਸਿਆ ਜਾਂਦਾ ਕਿ ਜੇ ਸਰਕਾਰ ਲੋਕਾਂ ਦੀ ਸਿਹਤ ਬਾਰੇ ਫਿਕਰਮੰਦ ਹੈ ਤੇ ਉਹ ਕਿਸਾਨਾਂ ਨੂੰ ਉਚਿਤ ਮੁਆਵਜਾ ਕਿਉਂ ਨਹੀਂ ਦਿੰਦੀ। ਇਸ ਸਮੇਂ ਜ਼ਰੂਰਤ ਹੈ ਕਿ ਸੀਏਕਿਊਐਮ ਇਸ ਚੁਣੌਤੀ ਦਾ ਸਾਹਮਣਾ ਕਰੇ ਅਤੇ ਇਸ ਸਬੰਧ ਵਿਚ ਲੰਮੇ ਸਮੇਂ ਵਾਲੀਆਂ ਨੀਤੀਆਂ ਬਣਾਵੇ। ਇਸ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਜਨਤਕ ਸਿਹਤ ਦਾ ਮਾਮਲਾ ਸਾਰੀਆਂ ਤਰਜੀਹਾਂ ਤੋਂ ਉੱਤੇ ਹੈ। ਜੇ ਕਮਿਸ਼ਨ ਅਜਿਹੀ ਲੋੜੀਂਦੀ ਕਾਰਵਾਈ ਕਰਨ ਵਿਚ ਨਾਕਾਮ ਰਹਿੰਦਾ ਹੈ ਤਾਂ ਇਸ ਦੀ ਕਾਇਮੀ ਦਾ ਸਮੁੱਚਾ ਮਕਸਦ ਹੀ ਨਾਕਾਮ ਹੋ ਜਾਵੇਗਾ।



- ਕਰਮ ਸਿੰਘ 'ਕਰਮ'

# 'ਦੁਸ਼ਮਣ ਕਹਾਂ ਕਿ ਯਾਰ'



ਬਲਦੇਵ ਗਿੱਲ 'ਸ਼ੇਰੇ ਪੰਜਾਬ'

ਪਹਿਲਾਂ ਆਪੇ ਈ ਅੱਖ ਮਿਲਾਈ,
ਫਿਰ ਗਲਵੱਕੜੀ ਬਾਂਹ ਦੀ ਪਾਈ,
ਹੁਣ ਗਇਓਂ ਪਿਆਰ ਨਿਕਾਰ।
ਦੱਸ ਮੈਂ ਕੀ ਸਮਝ੍ਹਾਂ,ਤੈਨੂੰ ਦੁਸ਼ਮਣ ਕਹਾਂ ਕਿ ਯਾਰ-ਹੁਣ ਮੈਂ ਕੀ ਸਮਝ੍ਹਾਂ।
ਨਵਿਆਂ ਦੇ ਸੰਗ ਰਾਸਾਂ ਤੇਰੀਆਂ,ਬੁਝ੍ਹ ਗਈਆਂ ਸਭ ਆਸਾਂ ਮੇਰੀਆਂ,
ਕੀਤਾ ਖੰਜਰ ਸੀਨਿਓ ਪਾਰ,ਹੁਣ ਮੈਂ ਕੀ ਸਮਝ੍ਹਾਂ,ਤੈਨੂੰ ਦੁਸ਼ਮਣ..........।
ਟੁੱਟੇ ਦਿਲ ਨਾ ਜੁੜਨ ਦੁਬਾਰਾ,ਤੇਰੇ ਪਿਆਰ ਦਾ ਸੀ ਸਹਾਰਾ,
ਕਿਉਂ ਭੁੱਲ੍ਹ ਗਇਓਂ ਇਕਰਾਰ,ਹੁਣ ਮੈਂ ਕੀ ਸਮਝ੍ਹਾਂ,ਤੈਨੂੰ ਦੁਸ਼ਮਣ........।
ਇਸ਼ਕ ਦੀ ਖੇਡ ਖਿਡਾਈ ਐਸੀ,ਪਿਆਰ ਦੀ ਪੀਂਘ ਚੜ੍ਹਾਈ ਕੈਸੀ,
ਜੋ ਟੁੱਟ ਗਈ ਅੱਧ ਵਿਚਕਾਰ,ਹੁਣ ਮੈਂ ਕੀ ਸਮਝ੍ਹਾਂ,ਤੈਨੂੰ ਦੁਸ਼ਮਣ.......।
'ਗਿੱਲ' ਬਲਦੇਵ ਤਾਂ ਹੈ ਸੀ ਤੇਰਾ,ਤੇਰਾ ਕਿਵੇਂ ਬਦਲਿਆ ਚੇਹਰਾ,
ਦੱਸ ਕਿੱਥੇ ਗਿਆ ਉਹ ਪਿਆਰ, ਹੁਣ ਮੈਂ ਕੀ ਸਮਝ੍ਹਾਂ-
ਤੈਨੂੰ ਦੁਸ਼ਮਣ ਕਹਾਂ ਕਿ ਯਾਰ,ਦੱਸ ਮੈਂ ਕੀ ਸਮਝ੍ਹਾਂ,ਤੈਨੂੰ ਦੁਸ਼ਮਣ.........।

# 'ਪੰਛੀ ਉੱਡ ਜਾਣਾ'

ਹਰਮੇਲ ਸਿੰਘ 'ਸਾਧਪੁਰੀ'



ਬੰਦਿਆ ਚੁਗਦਾ ਰਹਿ, ਜਿੱਥੇ ਦਾਤਾ ਚੋਗ ਖਿਲਾਰੀ,
ਪੰਛੀ ਉੱਡ ਜਾਣਾ , ਇੱਕ ਦਿਨ ਮਾਰ ਉਡਾਰੀ।
ਭਰੇ ਖ਼ਜ਼ਾਨੇ ਨਾਲ ਨੀਂ ਜਾਣੇ,ਨਾ ਇਹ ਮਿੱਤਰਾ ਲਾਣੇ।
ਛੱਡ ਦੇ ਕਰਨਾ ਮਾਣ ਮਿੱਤਰਾ,ਨਹੀਂ ਤਾਂ ਪਊਗੀ ਭਾਰੀ,
ਪੰਛੀ ਉੱਡ ਜਾਣਾ,ਇੱਕ...................................।
ਕਰਲੈ ਨੇਕੀ ਜੇ ਕਰ ਸਕਦੈਂ,ਭਰਲੈ ਝੋਲ੍ਹੀ ਜੇ ਭਰ੍ਹ ਸਕਦੈਂ।
ਜੇ ਇਹ ਕਰਨੋ ਖੁੰਝ੍ਹ ਗਿਆ ਤਾਂ ਖੁੱਸ ਜਾਊ ਸਰਦਾਰੀ,
ਪੰਛੀ ਉੱਡ ਜਾਣਾ,ਇੱਕ...................................।
ਇਹ ਜੱਗ ਯੋਗੀ ਵਾਲਾ ਫੇਰਾ,ਪੰਛੀ ਵਾਂਗੂੰ ਰੈਣ ਬਸੇਰਾ।
ਇੱਥੇ ਈ ਰਹਿ ਜਾਊਗੀ,ਤੇਰੀ ਸਭ ਤੋਂ ਚੀਜ਼ ਪਿਆਰੀ,
ਪੰਛੀ ਉੱਡ ਜਾਣਾ,ਇੱਕ...................................।
'ਸਾਧਪੁਰੀ'ਨਾ ਮੰਦਾ ਕਹੀਏ,ਭਾਣੇ ਵਿੱਚ ਹਮੇਸ਼ਾਂ ਰਹੀਏ।
ਜੱਗ ਵੀ ਯਾਦ ਕਰੂ,ਕੋਈ ਖੇਡੋ ਖੇਡ ਨਿਆਰੀ,
ਪੰਛੀ ਉੱਡ ਜਾਣਾ,ਇੱਕ...................................।

# ਵੋਟ ਤੰਤਰ



ਡਾ. ਮੁਹਿੰਦਰ ਸਿੰਘ ਰਾਏ

ਕਿਤੇ ਬਰੀ ਸੱਜਣ ਅਤੇ ਕਿਤੇ ਕੁਮਾਰ ਹੋ ਰਹੇ ਨੇ।
ਪਰ ਅੰਮਰਿਤ ਜੇਲ੍ਹਾਂ ਦੇ ਅੰਦਰ ਖੁਆਰ ਹੋ ਰਹੇ ਨੇ।
ਆ ਰਹੀਆਂ ਨੇ ਚੋਣਾਂ ਵਿਧਾਨ ਸਭਾ ਦੀਆਂ ਲਾਗੇ,
ਫਿਰ ਦੰਗੇ ਕਰਵਾਉਣ ਦੇ ਆਸਾਰ ਹੋ ਰਹੇ ਨੇ।
ਸਾਧੇ ਜਾਣਗੇ ਨਿਸਾਨੇ ਹੁਣ ਫੇਰ ਵਿਰੋਧੀਆਂ 'ਤੇ,
ਦੇਖੋ ਕਿਵੇਂ ਹਵਾਈ ਕਿਲ੍ਹੇ ਉਸਾਰ ਹੋ ਰਹੇ ਨੇ।
ਛੱਡੇ ਪੜ੍ਹਾਈ, ਸਿਹਤ ਅਤੇ ਬੇਰੁਜਗਾਰੀ ਦੇ ਮੁੱਦੇ,
ਪਰ ਦੂਸਣ-ਬਾਜੀ ਅਤੇ ਹੋਰ ਤਕਰਾਰ ਹੋ ਰਹੇ ਨੇ।
ਦੇਖਦੇ ਨੇ ਕਿੱਧਰ ਮਿਲਦੀ ਹੈ ਸੀਟ ਅਤੇ ਵਜੀਰੀ,
ਕਦੀ ਐਧਰ ਅਤੇ ਕਦੀ ਔਧਰ ਉਲਾਰ ਹੋ ਰਹੇ ਨੇ।
ਕਰਾਂਗੇ ਧੰਨ ਦੀ ਉਗਰਾਹੀ ਨਾਲੇ ਤਾਨਾਸਾਹੀ,
ਬਣ ਕੇ ਮਨਿਸਟਰ ਸੁਪਨੇ ਸਾਕਾਰ ਹੋ ਰਹੇ ਨੇ।
ਕੁੱਝ ਨਹੀਂ ਸਵਾਰਿਆ ਜਦੋਂ ਕੋਲ ਸੀ ਵਜੀਰੀਆਂ,
ਕੋਸਣੇ ਨੂੰ ਨਵੀਂ ਸਰਕਾਰ, ਪੱਬਾਂ-ਭਾਰ ਹੋ ਰਹੇ ਨੇ।
ਬਿਜਲੀ ਪਾਣੀ ਮੁਫਤ ਦੇ ਕੇ ਅਟੇਰਦੇ ਹਨ ਵੋਟਾਂ,
ਲੋਕ ਘਸਿਆਰੇ ਬਣਨ ਦਾ ਸ਼ਿ?ਕਾਰ ਹੋ ਰਹੇ ਨੇ।
ਕਿਤੇ ਬਣ ਨਾ ਜਾਵੇ ਕੋਈ ਇਮਾਨਦਾਰ ਸੀ. ਐਮ,
ਪੁਰਾਣੇ ਸਾਰੇ ਖਿਡਾਰੀ ਖਬਰਦਾਰ ਹੋ ਰਹੇ ਨੇ।
ਪੁਸਤਾਂ ਤੋਂ ਰਹੇ ਜੋ ਸਿੱਖ ਰਾਜ ਦੇ ਗੱਦਾਰ,
ਗੱਦਾਰਾਂ ਤੋਂ ਗੱਦਾਰਾਂ ਦੇ ਹੀ ਦੀਦਾਰ ਹੋ ਰਹੇ ਨੇ।
ਲਾਉਂਦੇ ਨੇ ਟੱਕ, ਕਦੀ ਦਿੰਦੇ ਨੇ ਡੱਕ ਐਸ ਵਾਈ ਐਲ ਨੂੰ,
ਫੇਰ ਹੁਣ ਡਰਾਮੇ-ਬਾਜੀ ਲਈ ਤਿਆਰ ਹੋ ਰਹੇ ਨੇ।
ਹੈ ਵੋਟ ਤੰਤਰ ਜਰੂਰ, ਪਰ ਪਰਜਾ ਤੰਤਰ ਨਹੀਂ,
ਵੋਟਾਂ ਹੀ ਤਾਨਾਸਾਹੀ ਦੇ ਹਥਿਆਰ ਹੋ ਰਹੇ ਨੇ।
ਬੀ. ਬੀ. ਐਮ. ਬੀ 'ਚ ਨਾ ਰੱਖੀ ਨੁਮਾਇੰਦਗੀ ਪੰਜਾਬ ਦੀ,
ਸਾਇਦ ਡੋਬਣੇ ਨੂੰ ਪੰਜਾਬ ਤੇ ਵਿਚਾਰ ਹੋ ਰਹੇ ਨੇ।
ਹੜ੍ਹਾਂ ਦੀ ਮਾਰ ਝੱਲੇ, ਤਾਂ ਝੱਲੀ ਜਾਏ ਪੰਜਾਬ,
ਪਾਣੀ ਸੋਕੇ ਵੇਲੇ ਖੋਹਣ ਲਈ ਸਭ ਤਿਆਰ ਹੋ ਰਹੇ ਨੇ।
ਪੰਜਾਬ ਸੂਬਾ ਹੈ ਰਿਪੇਰੀਅਨ, ਸੁਣਦਾ ਹੈ ਕੌਣ,
ਸਭ ਵੋਟਾਂ ਸੀਟਾਂ ਦੀ ਖਾਤਰ ਵਪਾਰ ਹੋ ਰਹੇ ਨੇ।
ਹੋ ਰਹੀਆਂ ਨੇ ਭਰਤੀਆਂ ਬਾਹਰੋਂ ਪੰਜਾਬ ਤੋਂ,
ਪੰਜਾਬ ਦੇ ਨੌਜਵਾਨ ਸਮੁੰਦਰੋਂ ਪਾਰ ਹੋ ਰਹੇ ਨੇ।
'ਰਾਏ' ਲੱਗਦਾ ਹੈ ਢਲ ਗਈ ਜ਼ਿੰਦਗੀ ਦੀ ਸਾਮ,
ਪਿੱਛੇ ਛੱਡੇ ਪਰਛਾਂਵਿਆਂ ਦੇ ਵੱਡੇ ਅਕਾਰ ਹੋ ਰਹੇ ਨੇ।

# 'ਅਨੁਸ਼ਾਸ਼ਨ'

ਕਰਮ ਸਿੰਘ ਕਰਮ



ਅੱਜ ਹਰ ਕੋਈ ਦੇਖੋ ਆਖ ਰਿਹੈ,
ਅਨੁਸ਼ਾਸ਼ਨ ਦਾ ਜੱਗ'ਚ ਘਾਟਾ ਏ।
ਤਾਂਹੀਂ ਅਕਸ਼ ਦੁਸ਼ਾਲਾ ਦੁਨੀਆਂ ਦਾ,
ਹੈ ਥਾਂ ਥਾਂ ਤੋਂ ਲੱਗਦਾ ਪਾਟਾ ਏ।
ਅਨੁਸ਼ਾਸ਼ਨ ਵਿੱਚ ਜੋ ਮੋਹਰੀ ਸੀ,
ਅੱਜ ਹੋਇਆ ਬੇ-ਮੁਹਾਰਾ ਏ।
ਜੇ ਕਾਬੂ ਇਸਨੂੰ ਨਾ ਕੀਤਾ,
ਪੈਣਾ ਦੇਖਿਓ ਘਾਟਾ ਭਾਰਾ ਏ।
ਇੰਝ ਲੱਗਦਾ ਅੱਜ ਭਵਿੱਖ ਏਹਦਾ,
ਸੀ ਜਿਸਤੀ ਜੋ ਜੰਗਾਲ ਗਿਆ।
ਮੱਤਹੀਣ ਸੁਆਰਥੀ ਬਣ ਬੈਠਾ,
ਨਾਸ਼ੁਕਰਾ ਸਭਕੁੱਝ ਗਾਲ ਗਿਆ।
ਹੋ ਨਾਵਾਕਿਫ਼ ਆਪਣੇ ਵਿਰਸੇ ਤੋਂ,
ਆਪੇ ਹੀ ਬਣ ਕੰਗਾਲ ਗਿਆ।
ਉਹਦੀ ਕਦੇ ਤ੍ਰੱਕੀ ਹੁੰਦੀ ਨਹੀਂ,
ਜੋ ਫ਼ਰਜ਼ ਆਪਣੇ ਟਾਲ ਗਿਆ।
ਜੋ ਸਦਾਚਾਰ ਵਿੱਚ ਪੱਕੇ ਨੇ,
ਕੰਗਾਲੀ ਵਿੱਚ ਵੀ ਜੀ ਲੈਂਦੇ।
ਉਹ ਦੇਸ਼ ਨੂੰ ਕਰਦੇ ਪਿਆਰ ਸਦਾ,
ਦੁੱਖ ਗ਼ਮ ਵੀ ਘੋਟਕੇ ਪੀ ਲੈਂਦੇ।
ਸਦਾਚਾਰ ਕੀਮਤੀ ਹੈ ਡਾਢ੍ਹਾ ,
ਪਰ ਇਹ ਨਾ ਕਿਧਰੇ ਵਿਕਦਾ ਏ।
ਇਹ ਮਿਲਦੈ ਪਹਿਲਾਂ ਮਾਪਿਆਂ ਤੋਂ,
ਫਿਰ ਮਨ'ਚ ਸਕੂਲੋਂ ਟਿਕਦਾ ਏ।
ਬਿਨ ਚੰਡਿਆਂ ਕਦੇ ਵੀ ਲੋਹੇ ਤੋਂ,
ਹਥਿਆਰ ਕਦੇ ਕੋਈ ਬਣਦਾ ਨਹੀਂ।
ਵੱਟ ਹੱਥੀਂ ਚਾੜ੍ਹਨਾ ਪੈਂਦਾ ਏ,
ਨਹੀਂਤਾਂ,ਰੱਸਾ ਬਣਦਾ ਸਣਦਾ ਨਹੀਂ।
ਹਥਿਅਰਾਂ ਤੇ ਰੱਸਿਆਂ ਨਾਲ ਸਦਾ,
ਹੈ ਸਭ ਕੁੱਝ ਕਾਬੂ ਹੋ ਜਾਂਦਾ।
ਆਪਹੁਦਰੀ ਕੋਈ ਨੀਂ ਕਰ ਸਕਦਾ,
ਜਦ ਕਾਨੂੰਨ ਦਾ ਜਾਦੂ ਹੋ ਜਾਂਦਾ।
ਬੱਚਿਆਂ ਨੂੰ ਯੋਗ ਬਣਾਵਣ ਲਈ,
ਅਧਿਕਾਰ ਦਿਓ ਕੁੱਝ ਮਾਪਿਆਂ ਨੂੰ।
ਅਧਿਆਪਕ ਵੀ ਵਿੱਚ ਸਕੂਲਾਂ ਦੇ,
ਸਦਾ ਰੋਕਣ ਆਪੋਧਾਪਿਆਂ ਨੂੰ।
ਜ਼ੁਰਮ ਤਾਂ ਜ਼ੁਰਮ ਹੀ ਹੁੰਦਾ ਏ,
ਇਹਦਾ ਉਮਰਾਂ ਨਾਲ ਸਬੰਧ ਨਹੀਂ।
ਜਿਹੜਾ ਵੀ ਜ਼ੁਰਮ ਕਮਾਉਂਦਾ ਏ,
ਬਿਨ ਰੋਕਿਆਂ ਹੋਣਾ ਬੰਦ ਨਹੀਂ।
ਸ਼ਾਨਦਾਰ ਸਮਾਜ ਬਣਾਵਣ ਲਈ,
ਅਨੁਸ਼ਾਸ਼ਨ ਬਹੁਤ ਜ਼ਰੂਰੀ ਏ।
ਅਨੁਸ਼ਾਸ਼ਨ ਰਹਿਤ ਸਮਾਜ ਦੀ ਤਾਂ,
ਵਿੱਚ ਜੱਗ ਦੇ ਸ਼ਾਨ ਅਧੂਰੀ ਏ।
ਜੋ ਦੇਸ਼ ਖਾਣ ਨੂੰ ਦਿੰਦਾ ਏ,
ਓਹਦੇ ਨਿਯਮਾਂ ਦਾ ਸਤਿਕਾਰ ਕਰੋ।
ਓਹਨੂੰ ਕਦੇ ਪ੍ਰਾਇਆ ਆਖੋ ਨਾ,
ਸਦਾ ਰੱਜਕੇ 'ਕਰਮ'ਪਿਆਰ ਕਰੋ।



# ਸ਼ਹਾਦਤ

ਮਨਜੀਤ ਪਾਲ ਸਿੰਘ

ਕ੍ਰੋਧ
ਅੱਗ ਦੇ
ਭਾਂਬੜ ਬਣ
ਤਵੀ ਹੇਠਾਂ
ਬਲ ਰਿਹਾ!
ਰੇਤ ਦੇ ਕਣਾਂ
ਨੂੰ ਕੜਾਹੇ ਪਾ
ਕੋਈ
ਅੱਗ ਦਾ ਰੂਪ
ਕਰ ਰਿਹਾ!
ਰੇਤ ਦੇ ਕਿਣਕਿਆਂ 'ਚ
ਸਮਾਈ ਅੱਗ

'ਨੂਰ' ਦੇ ਸੀਸ ਤੇ
ਕਿਰ ਕੇ
ਹੰਢਾ ਰਹੀ ਹੈ
ਸ਼ਰਮਿੰਦਗੀ ਦੀ
ਬਰਫ਼ ਦਾ
ਘਿਨੌਣਾ ਅਹਿਸਾਸ
ਨਿਰ-ਆਕਾਰ
'ਸ਼ਬਦ' ਦਾ ਚੌਂਕੜਾ
ਇਸਥਿਰ ਹੈ
ਤਵੀ ਤੇ ਰੇਤ ਦੇ
ਕਿਣਕਿਆਂ ਦੇ
ਸੇਕ ਦੇ ਆਕਾਰ
ਤੋਂ ਪਾਰ।

# ਗੜ੍ਹੀਏ ਚਮਕੌਰ ਦੀਏ

**ਨੋਟ: ਮੇਰਾ ਇਹ ਲੇਖ ਦਸੰਬਰ 1704 ਈਸਵੀ ਵਿਚ ਸ਼ਹੀਦੀਆਂ ਪਾਉਣ ਵਾਲੇ ਅਣਗਿਣਤ ਸੂਰਮੇ ਸਿੱਖ ਸ਼ਹੀਦਾਂ ਜਿਨ੍ਹਾ ਵਿਚ ਦਸਮੇਸ਼ ਪਿਤਾ ਜੀ ਦੇ ਚਾਰੇ ਲਾਲ ਅਤੇ ਉਨ੍ਹਾ ਦੀ ਮਾਤਾ ਜੀ ਵੀ ਸਨ, ਦੀ ਨਿੱਘੀ ਯਾਦ ਨੂੰ ਸਮਰਪਿਤ ਹੈ।**

**ਬੱਲੇ ਨੀ ਗੜ੍ਹੀਏ ਚਮਕੌਰ ਦੀਏ ਤੈਂ ਕਿਆ ਰਚਿਆ ਇਕ ਅਨੋਖਾ ਇਤਿਹਾਸ। ਅੱਜ ਦੇ ਦਿਨ ਇਥੇ ਜਿਸ ਜੋੜੀ ਦੀ ਸ਼ਹੀਦੀ ਹੋਈ, ਇਸੇ ਦਿਨ ਹੀ ਜਨਮਿਆ ਸੀ ਉਨ੍ਹਾਂ ਦਾ ਧਰਮੀ**



ਸ. ਬਲਬੀਰ ਸਿੰਘ ਸੇਖੋਂ ਪਮਾਲ




ਮਨ ਜਿੱਤ ਦੇ ਪਿਆਰੇ ਅਤੇ ਸਮਝਦਾਰ ਪਾਠਕੋ! ਆਪੋ ਆਪਣਾ ਦਿਲ ਥਾਮ ਲੋ ਕਿਉਂਕਿ ਸਿੱਖ ਇਤਿਹਾਸ ਦੇ ਖ਼ੂਨੀ ਵਰਕਿਆਂ ਦੀ ਜਿਹੜੀਦਿਲ ਕੰਬਾਊ ਅਤੇ ਦਰਦ ਭਰਪੂਰ ਦਾਸ ਤਾਂ ਮੈਂ ਬਿਆਨ ਕਰਨ ਜਾ ਰਿਹਾ ਹਾਂ, ਉਸਨੂੰ ਪੜ੍ਹ ਕੇ ਅਵੱਸ਼ ਹੀ ਤੁਹਾਡਾ ਦਿਲ ਬੇਕਾਬੂ ਹੋ ਜਾਣਾ ਹੈ ਅਤੇ ਤੁਹਾਡੀਆਂ ਅੱਖਾਂ ਵਿਚੋਂ ਹੜ੍ਹ ਵਾਂਗ ਵਗਦੇ ਖਾਰੇ ਹੰਝੂਆਂ ਨੇ ਤੁਹਾਡੀ ਕੋਈ ਪੇਸ਼ਨਹੀਂ ਜਾਣ ਦੇਣੀ।

ਜਿਸ ਵਕਤ ਗੁਰੂ ਜੀ ਦਾ ਦੁੱਧ ਮੱਖਣਾ ਨਾਲਪਾਲਿਆ 17-18 ਸਾਲਾਂ ਦਾ ਸੋਹਣਾ ਸੁਨੱਖਾ ਬੇਟਾ, ਦਸਾਂ ਸਿੰਘਾਂ ਨਾਲ ਜ਼ੋਰ ਸ਼ੋਰ ਨਾਲ ਭਰੀ ਹੋਈ ਚੋਮਕੌਰ ਦੀ ਲੜਾਈ ਵਿਚ ਜਾ ਗੱਜਿਆ, ਇਕ ਵਾਰ ਤਾਂ ਵੈਰੀ ਵੀ ਉਸ ਦੀ ਸ਼ਾਸਤਰ ਵਿੱਦਿਆ ਦੇ ਕਮਾਲ ਨੂੰ ਵੇਖ ਕੇ ਅਸ਼ ਅਸ਼ ਕਰ ਉੱਠੇ। ਜਿਸ ਪਾਸੇ ਸਾਹਿਬਜੀ ਨੇ ਮੂੰਹ ਕੀਤਾ, ਮਾਰ ਮਾਰ ਕੇ ਵੈਰੀਆਂ ਦੇ ਢੇਰ ਲਾ ਦਿੱਤੇ। ਉਹ ਬਹੁਤਾ ਚਿਰ ਇਸ ਸ਼ੇਰ ਅੱਗੇ ਟਿਕ ਨਾ ਸਕੇ। ਆਪਣੀਆਂ ਜਾਨਾਂ ਬਚਾਉਣ ਖਾਤਰ ਭੇਡਾਂ ਬੱਕਰੀਆਂ ਵਾਗ ਥਾਂਥਾਂ ਖਿੰਡ ਗਏ। ਗੁਰੂ ਜੀ ਗੜ੍ਹੀ ਦੀ ਛੱਤ ਤੇ ਖਲੋਤੇ ਆਪਣੇ ਬੇਟੇ ਅਜੀਤ ਸਿੰਘ ਅਤੇ ਸਿੰਘਾਂ ਨੂੰ ਲੜਦੇ ਵੇਖ ਕੇ ਸ਼ਾਬਾਸ਼ ਦਿੰਦੇ ਰਹੇ। ਅਖੀਰ ਉਹ ਲੜਦੇ ਲੜਦੇ ਸ਼ਹੀਦੀਆਂ ਪਾ ਗਏ ਅਤੇ ਦੁਨੀਆਂ ਵਿਚ ਇਕ ਸਾਕਾ ਸਿਰਜ ਗਏ। ਇਕ ਬੇਮਿਸਾਲ ਸਾਕਾ।

ਵੱਡੇ ਵੀਰ ਅਜੀਤ ਸਿੰਘ ਦੇ ਪਿਛੇ ਹੀ ਉਸਦਾ ਛੋਟਾ ਵੀਰ ਜੁਝਾਰ ਸਿੰਘ (ਉਮਰ 14 ਸਾਲ) ਆਪਣੇ ਪਿਤਾ ਜੀ ਤੋਂ ਆ ਗਿਆ ਲੈ ਕੇ, ਪੰਜਾਂ ਸਿੰਘਾਂ ਦਾ ਜੱਥਾ ਬਣਾ ਕੇ ਲੜਾਈਦੇ ਮੈਦਾਨ ਵਿਚ ਜਾ ਗਰਜਿਆ। ਇਸ ਜਥੇ ਵਿਚ ਪੰਜਾਂ ਪਿਆਰਿਆਂ ਵਿਚੋਂ ਦੋ ਪਿਆਰੇਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤਸਿੰਘ ਵੀ ਸਨ। ਨਾਜ਼ੀਂ ਪਲਿਆ ਲੇ ਕਿ ਨਬਲਵਾਨ, ਸੂਰਵੀਰ ਅਤੇ ਆਪਣੇ ਬਾਪ ਵਾਂਗ ਵੱਡੇ ਜਿਗਰੇ ਵਾਲਾ ਜੁਝਾਰ ਸਿੰਘ। ਉਸ ਨੂੰ ਲੜਦਾ ਵੇਖ ਕੇ ਵੈਰੀ ਚਕਰਾ ਗਏ, ਘਬਰਾ ਗਏ। ਉਸ ਦੀ ਤਿੱਖੀ ਤਲਵਾਰ ਨੂੰ ਕੋਈ ਵੀਰੋਕ ਨਾ ਸਕਿਆ। ਉਸਨੇ ਵੱਢ ਵੱਢ ਕੇਵੈਰੀਆਂ ਦੀਆਂ ਚਰੀ ਅਤੇ ਬਾਜਰੇ ਵਾਂਗਢੇਰੀਆਂ ਲਾ ਦਿੱਤੀਆਂ। ਗਿਣਤੀ ਦੇ ਸਿੰਘ ਅਤੇ ਸਾਹਿਬ ਜੁਝਾਰ ਸਿੰਘ। ਕਿੰਨੀ ਦੇਰ ਚੱਲਸਕਦਾ ਸੀ ਇਹ ਮੁਕਾਬਲਾ ਲੱਖਾਂ ਵੈਰੀਆਂਨਾਲ ਲੇਕਿਨ ਸ਼ਹੀਦ ਹੋਣ ਤੋਂ ਪਹਿਲਾਂ "**ਸਵਾ ਲਾਖ ਸੇ ਏਕ ਲੜਾਊਂ**" ਵਾਲਾ ਵਾਕ ਇਸ ਜੱਗ ਤੇ ਸੱਚਾ ਸਿੱਧ ਕਰ ਗਏ। ਅਖੀਰ ਲੜਦੇ ਲੜਦੇ ਉਹ ਸ਼ਹੀਦੀ ਪਾ ਗਏ। ਛੋਟੇ ਵੀਰ ਨੇ ਆਪਣੇ ਵੱਡੇ ਵੀਰ ਨੂੰ ਜਾ ਗਲਵੱਕੜੀ ਪਾਈ ਅਤੇ ਉਸਦੇ ਹੱਥ ਵਿਚੋਂ ਪਕੜਿਆ ਪਾਣੀ ਦਾ ਗਿਲਾਸ ਲੈ ਕੇ ਆਪਣੀ ਪਿਆਸ ਬੁਝਾਈ। ਫੇਰ ਦੋਨਾਂ ਵੀਰਾਂ ਨੇ ਆਪਣੇ ਦਾਦਾਜੀ ਦੇ ਚਰਨਾਂ ਵਿਚ ਜਾ ਮੱਕਾ ਟੇਕਿਆ। ਜੁਝਾਰ ਸਿੰਘ ਨੂੰ ਜ਼ਮੀਨ ਤੇ ਸ਼ਹੀਦ ਹੋਇਆ ਪਿਆ ਵੇਖ ਕੇ ਸਾਰੇ ਖਾਨਾਂ ਅਤੇ ਸੂਬਿਆਂ ਦੀਆਂ ਅੱਖਾਂ ਵਿਚੋਂ ਹੰਝੂ ਕਿਰ ਰਹੇ ਸਨ। ਕੱਚੀ ਉਮਰ ਦਾ ਇੰਨਾ ਖ਼ੂਬਸੂਰਤ, ਬਹਾਦਰ, ਨਿਧੜਕ, ਨਿਡਰ, ਜੰਗਜੂ, ਜਾਂ-ਬਾਜ, ਤਲਵਾਰ ਦਾ ਧਨੀ ਅਤੇ ਪੈਰਾਂ ਦਾ ਇਨਾਸੋਅਲ ਜੁਝਾਰ ਆਪਣੀ ਬਹਾਦਰੀ ਦੀ ਇਸ ਜੱਗ ਤੇ ਅਜਿਹੀ ਮਿਸਾਲ ਕਾਇਮ ਕਰਗਿਆ ਜਿਸਨੂੰ ਅੱਜ ਤੱਕ ਕੋਈ ਹੋਰ ਦੁਹਰਾ ਨਹੀਂ ਸਕਿਆ।

ਗੁਰੂ ਜੀ ਦੇ ਆਪਣੇ ਵੱਡੇ ਬੇਟੇ, ਉਨ੍ਹਾਂ ਦੀਆਂਅੱਖਾਂ ਦੇ ਸਾਹਮਦੇ, ਦੇਸ਼, ਕੌਮ, ਧਰਮ ਅਤੇ ਇਨਸਾਨੀਅਤ ਦੀ ਸੇਵਾ ਕਰਦੇ ਆਪਾ ਕੁਰਬਾਨ ਕਰ ਗਏ। ਵੇਖੋ ਕੁਦਰਤ ਕੀ ਖੇਡਾਂ ਖੇਡ ਰਹੀ ਏ ਇਸਮਹਾਨ ਵਿਦਵਾਨ, ਤੀਰਾਂ ਤੇ ਖਿਡਾਰ, ਬਾਜਾਂਦੇ ਉਡਾਰ, ਨੀਲੇ ਘੋੜੇ ਦੇ ਸ਼ਾਹ ਅਸਵਾਰ ਅਤੇ ਅਜਿੱਤ ਸ਼ਾਹ ਜ਼ੋਰ ਨਾਲ।

ਜਿਸ ਵਕਤ ਚਮਕੌਰ ਸਾਹਿਬ ਵਿਖੇ ਇਹਬੇਮਿਸਾਲ ਲਾਸਾਨੀ ਸਾਕਾ ਸਿਰਜਿਆ ਗਿਆ। ਉਹ ਦਿਨ ਸੀ 22 ਦਸੰਬਰ 1704 ਈਸਵੀ ਦਾ। ਇਸ ਦਿਨ ਪੁੱਤਰਾਂ ਦੀ ਸ਼ਹੀਦੀ ਲੇਕਿਨ ਉਨ੍ਹਾ ਦੇ ਪਿਤਾ ਧਰਮ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ (ਗੁਰੂ ਸਾਹਿਬ ਜੀ ਦਾ ਜਨਮ 22 ਦਸੰਬਰ 1666 ਈਸਵੀ ਨੂੰ ਪਟਨਾ ਸਾਹਿਬ ਵਿਖੇ ਹੋਇਆ ਸੀ।)

ਇਕ ਪਾਸੇ ਇੰਨੀ ਵੱਡੀ ਖੁਸ਼ੀ ਦਾ ਦਿਨ ਕਿਉਂਕਿ ਗੁਰੂ ਜੀ ਆਪਣੇ ਮਾਪਿਆਂ ਦੇ ਬੁੱਢੇਵਾਰੇ ਪੈਦਾ ਹੋਈ ਇਕਲੌਤੀ ਔਲਾਦ ਸੀ, ਦੂਸਰੇ ਪਾਸੇ ਸਾਹਮਣੇ ਪਈਆਂ ਨੌਜਵਾਨਾਂ ਪੁੱਤਾਂ ਦੀਆਂ ਸੱਜਰੀਆਂ ਲਾਸ਼ਾਂ। ਨਾਲ ਨਾਲ ਗੁਰੂ ਜੀ ਨੂੰ ਆਪਣੀ ਮਾਤਾ ਜੀ ਅਤੇ ਦੋ ਛੋਟੇ ਬੇਟਿਆਂ (ਸਾਹਿਬਜ਼ਾਦਾ ਜ਼ੋਰਾਵਰ ਸਿੰਘ ਉਮਰ 7 ਸਾਲ 11 ਮਹੀਨੇ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਉਮਰ 5 ਸਾਲ 10 ਮਹੀਨੇ) ਜਿਹੜੇ ਸਰਸਾ ਦਰਿਆ ਦੇ ਕਿਨਾਰੇ ਵਿਛੋੜਾ ਦੇ ਗਏ ਸਨ ਵਾਰੇ ਭੋਰਾ ਵੀ ਗਿਆਨ ਨਹੀਂ ਸੀ। ਗੁਰੂ ਜੀ ਇਸ ਵਕਤ ਕੀ ਮਹਿਸੂਸ ਕਰ ਰਹੇ ਹੋਣਗੇ। ਇਹ ਤਾਂ ਸਿਰਫ਼ ਉਨ੍ਹਾਂ ਨੂੰ ਹੀ ਪਤਾ ਹੋਊ। ਲੇਕਿਨ ਉਨ੍ਹਾਂ ਦੇ ਨੂਰਾਨੀ ਚਿਹਰੇ ਤੇ ਕਿਸੇ ਵੀ ਕਿਸਮ ਦੀ ਉਦਾਸੀ, ਡਰ, ਖਿਝ ਜਾਂ ਪਛਤਾਵਾ ਜ਼ਾਹਰ ਨਹੀਂ ਸੀ ਹੋ ਰਹੇ।

ਮਾਤਾ ਗੁਜਰੀ ਜੀ ਹਰ ਸਾਲ ਗੁਰੂ ਜੀ ਦੇ ਜਨਮ ਦਿਨ ਤੇ ਆਪਣੇ ਹਥੀਂ ਸਵੇਰੇ ਸਵੇਰੇ ਪਰਸ਼ਾਦ ਬਣਾਉਂਦੇ, ਖੁਦ ਹੀ ਅਰਦਾਸ ਕਰਦੇ, ਸਭ ਤੋਂ ਪਹਿਲਾਂ ਆਪਣੇ ਇਕਲੌਤੇ ਬੇਟੇ ਦਾ ਮੂੰਹ ਮਿੱਠਾ ਕਰਾਉਂਦੇ , ਫੇਰ ਪਰਸ਼ਾਦ ਸੰਗਤਾਂ ਵਿਚ ਵਰਤਾ ਦਿੰਦੇ। ਪਿਛੋਂ ਸਾਰਾਦਿਨ ਆਪਣੇ ਹੱਥੀਂ ਗਰੀਬਾਂ ਨੂੰ ਪਰਸ਼ਾਦਾ ਛਕਾਉਂਦੇ ਅਤੇ ਉਨ੍ਹਾਂ ਨੂੰ ਕੱਪੜੇ ਵੰਡ ਦੇ ਰਹਿੰਦੇ।

ਅੱਜ ਤਾ ਸਾਰਾ ਕੁਝ ਹੀ ਹੇਠ ਉਤੇ ਹੋ ਗਿਆਸੀ। ਅੱਜ ਮਾਤਾ ਗੁਜਰੀ ਜੀ ਦੀ ਤਕਲੀਫ਼ਾਂ ਵਿਚ ਘਿਰੇ ਕਸ਼ਟ ਭੋਗਦੇ, ਛੋਟੇ ਪੋਤਿਆਂ ਨੂੰ ਆਪਣੀ ਹਿੱਕ ਨਾਲ ਘੁੱਟੀ, ਆਪਣੇ ਬੇਟੇ ਗੋਬਿੰਦ ਸਿੰਘ ਬਾਰੇ ਜ਼ਰੂਰ ਹੀ ਸੋਚ ਰਹੇ ਹੋਣਗੇ, ਜਿਨ੍ਹਾਂ ਨੂੰ ਸਰਸਾ ਨਦੀ ਦੇ ਕੰਢੇ ਕੁਦਰਤ ਦੇ ਰਹਿਮ ਤੇ ਛੱਡ ਕੇ, ਉਨ੍ਹਾਂ ਦਾ ਆਪਸੀ ਵਿਛੋੜਾ ਪੈ ਗਿਆ ਸੀ। ਉਨ੍ਹਾਂ ਨੂੰ ਆਪਣੇ ਵੱਡੇ ਪੋਤਿਆਂ ਦੀ ਯਾਦ ਆ ਰਹੀ ਹੋਵੇਗੀ ਅਤੇ ਉਨ੍ਹਾਂ ਦਾ ਫਿਕਰ ਵੱਢਵੱਢ ਖਾ ਰਿਹਾ ਹੋਵੇਗਾ। ਆਪਣੀਆਂ ਲਾਡਲੀਆਂ ਨੂੰਹਾਂ ਵੱਲ ਵੀ ਉਨਾਂ ਦਾ ਧਿਆਨ ਜਾ ਰਿਹਾ ਹੋਵੇਗਾ। ਲੇਕਿਨ ਅੱਜ ਮਾਤਾ ਜੀ ਨੂੰ ਬਿਲਕੁਲ ਹੀ ਪਤਾ ਨਹੀਂ ਹੋਣਾ ਜਿਹੜਾ ਸਾਕਾ ਅੱਜ ਉਨ੍ਹਾਂ ਦੇ ਪੁੱਤਰ ਦੇ ਜਨਮ ਦਿਨ ਤੇ ਚਮਕੌਰ ਸਾਹਿਬ ਦੀ ਧਰਤੀ ਤੇ ਸਿਰਜਿਆ ਜਾ ਚੁੱਕਾ ਸੀ।

ਇਹ ਪਹਾੜ ਜਿੱਡਾ ਦੁੱਖ ਬਿਰਧ ਅਤੇ ਕਮਜ਼ੋਰਦਾ ਦੀ ਮਾਂ ਤੋਂ ਕਿਥੇ ਬਰਦਾਸ਼ਤ ਹੋ ਸਕਣਾ ਸੀ। ਅਸੀਂ ਪੁੱਤਰਾਂ ਵਾਲੇ, ਹੁਣ ਸਹਿਜੇ ਹੀ ਮਹਿਸੂਸ ਕਰ ਸਕਦੇ ਹਾਂ ਕਿ ਗੁਰੂ ਜੀ ਦਾ ਕਿੱਡਾ ਵੱਡਾ ਜਿਗਰਾ ਸੀ। ਉਨ੍ਹਾਂ ਨੇ ਕਿਸੇ ਦੂਸਰੇ ਦੇ ਸਿਰ ਆਪਣਾ ਅਹਿਸਾਨ ਨਹੀਂ ਜਤਾਇਆ। ਉਦਾਸ ਨਹੀਂ ਹੋਏ, ਰੋਏ ਪਿੱਟੇ ਨਹੀਂ, ਵਿਰਲਾਪ ਨਹੀਂ ਕੀਤਾ। ਸਾਰੇ ਦੁੱਖ ਅੰਦਰ ਹੀ ਅੰਦਰ ਪੀ ਗਏ। ਆਪਣੇ ਸੰਤੋਖੀ ਚਿਹਰੇ ਤੇ ਕੋਈ ਗੁੱਸਾ ਗਿਲਾਜਾਂ ਸ਼ਿਕਵਾ ਪ੍ਰਗਟ ਨਹੀਂ ਹੋਣ ਦਿੱਤਾ। ਸਗੋਂ ਉਨਾਂ ਨੇ ਪ੍ਰਮਾਤਮਾ ਦਾ ਸ਼ੁਕਰ ਕੀਤਾ ਕਿ ਜਿਸਦੀ ਚੀਜ਼ ਸੀ, ਜਿਸ ਨੇ ਦਿੱਤੀ ਸੀ, ਉਹ ਆਪੇ ਹੀ ਲੈ ਗਿਆ ਸੀ। ਇਸ ਤਰ੍ਹਾਂ ਗੁਰੂ ਜੀ ਇਸ ਦੁਨੀਆਂ ਵਿਚ ਕਦੀ ਵੀ ਫਿਰ ਨਾ ਦੁਹਰਾਇਆ ਜਾਣ ਵਾਲਾ ਬੇਮਿਸਾਲ ਸਾਕਾ ਸਿਰਜ ਗਏ ਸਨ। ਉਹ ਆਪਣੀ ਮਿਸਾਲ ਆਪ ਸਨ। ਉਨ੍ਹਾਂ ਦੇ ਜੋੜ ਦਾ ਪਰਮ ਗੁਰੂ ਨਾ ਕਦੀ ਹੁਣ ਤੱਕ ਇਸ ਧਰਤੀ ਤੇ ਪੈਦਾ ਹੋਇਆ ਹੈ ਅਤੇ ਨਾ ਹੀ ਕਦੀਹੋਵੇਗਾ। ਜੇ ਆਪਾਂ ਗੁਰੂ ਗੋਬਿੰਦ ਸਿੰਘ ਜੀ ਨੂੰਰੱਬ ਵੀ ਆਖ ਦੇਈਏ ਫੇਰ ਵੀ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ ਕਿਉਂਕਿ ਇਸ ਧਰਤੀ ਤੇ ਦੂਸਰੇ ਕਿਸੇ ਰੱਬ ਨੂੰ ਕਿਸੇ ਨੇ ਅੱਖੀਂ ਨਹੀਂ ਵੇਖਿਆ ਸਿਰਫ਼ ਕਿ ਆਸਿਆ ਹੀ ਹੈ।

ਅੱਜ ਅਸੀਂ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਅਗਿਆਨਤਾ ਦੇ ਡੂੰਘੇ ਚਿੱਕੜ ਵਿਚ ਫਸੇ ਅਤੇ ਧਸੇ ਹੋਏ ਹਾਂ। ਸਾਡੇ ਗੁਰੂਆਂ ਨੇ ਸਾਨੂੰ ਆਪਣੀ ਬਾਣੀ (ਬਚਨ, ਕਥਾ, ਵਿਚਾਰ, ਕਰਨੀ) ਅਤੇਮਹਾਨ ਕੁਰਬਾਨੀਆਂ ਦੇ ਦੇ ਜ਼ਿੰਦਗੀ ਦਾ ਸੱਚਾ ਮਾਰਗ ਵਿਖਾਇਆ ਸੀ ਅਤੇ ਗਲਤ ਰਾਹਾਂ ਤੇ ਭਟਕਣ ਤੋਂ ਰੋਕਿਆ ਸੀ। ਕੀ ਆਪਾਂ ਅੱਜ ਉਨ੍ਹਾਂ ਦੇ ਕਹੇ ਲੱਗ ਰਹੇ ਹਾਂ? ਬਿਲਕੁਲ ਹੀ ਨਹੀਂ। ਕੀ ਫੇਰ ਆਪਾਂ ਸਾਰੇ ਨਾਂ ਸ਼ੁਕਰੇ ਅਤੇਅਕ੍ਰਿਤਘਣ ਨਹੀਂ ਹਾਂ?

ਅੱਜ ਆਪਾਂ ਨੂੰ ਆਪਣੀ ਅਣਖੀਲੀ ਕੌਮ ਦੇ ਲਾਸਾਨੀ ਬਾਪੂ ਜੀ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੂੰ ਖਾਸ ਤੌਰ ਤੇ ਯਾਦ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਦਰਸਾਏ ਰਸਤੇ 'ਤੇ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ। ਜੇਆਪਾਂ ਗੁਰੂ ਦੀ ਮਿਹਰ ਨਾਲ ਆਪਣਾ ਆਪ ਸੁਧਾਰ ਲਈਏ। ਸਾਡਾ ਸਾਰਾ ਸਮਾਜ ਆਪੇ ਹੀ ਸੁਧਰ ਜਾਵੇਗਾ।

ਸਰਬਤ ਦੇ ਭਲੇ ਵਾਸਤੇ ਆਪਣੇ ਗੁਰੂ ਤੋਂ ਦੁਆਵਾਂ ਮੰਗਦਾ ਮੈਂ ਹਾਂ ਸਮੂਹ ਸਾਧ ਸੰਗਤ ਦਾ ਦਾਸ।

## ਚਾਨਣ ਮੁਨਾਰਾ (Light House)
## (ਮੂਲ - ਗੁਰਬਾਣੀ)



ਹੇ ਮੇਰੇ ਪਾਤਸ਼ਾਹ, ਤੇਰਾ ਨਾਮ ਹੀ ਮੇਰੀ ਜ਼ਿੰਦਗੀ ਦਾ ਸਹਾਰਾ ਹੈ, ਤੇਰਾ ਨਾਮ ਹੀ ਮੁਝ ਜੈਸੇ ਅੰਧੇ ਕੀ ਡਗੋਰੀ ਹੈ, ਜੋ ਮੁਝੇ ਰਾਸਤਾ ਦਿਖਾਤੀ ਹੈ ਔਰ ਰਾਸਤੇ ਮੇਂ ਠੋਕਰ ਲਗਨੇ ਸੇ ਬਚਾਤੀ ਹੈ। ਮੈਂ ਗਰੀਬ ਹੂੰ। ਮੈਂ ਆਜਿਜ਼ ਹੂੰ। ਤੇਰਾ ਨਾਮ ਹੀ ਮੇਰਾ ਆਸਰਾ ਹੈ। ਐ ਅੱਲ੍ਹਾ! ਤੂੰ ਬਖਸ਼ਿਸ਼ ਕਰਨੇ ਵਾਲਾ ਹੈਂ। ਤੂੰ ਰਹਿਮਤ ਕਰਨੇ ਵਾਲਾ ਹੈ। ਤੂੰ ਹੀ ਅਮੀਰ ਹੈਂ। ਤੂੰ ਹਰ ਵਕਤ ਮੇਰੇ ਸਾਮਨੇ ਹੈਂ, ਤੋ ਫਿਰ ਮੁਝੇ ਔਰ ਕਿਸ ਕੀ ਮੁਹਤਾਜੀ ਹੋ ਸਕਤੀ ਹੈ। ਤੂੰ ਰਹਿਮਤ ਕਾ ਦਰਿਆ ਹੈਂ। ਤੂੰ ਦਾਤਾ ਹੈਂ। ਤੂੰ ਬਹੁਤ ਹੀ ਧੰਨ ਵਾਲਾ ਹੈਂ ਇਕ ਤੂੰ ਹੀ ਹੈਂ ਜੋ ਹਮ ਸਭ ਕੋ ਜ਼ਿੰਦਾ ਰਹਿਨੇ ਕੇ ਲੀਏ ਸਾਜ਼-ਓ-ਸਮਾਨ ਦੇਤਾ ਹੈਂ। ਪਦਾਰਥ ਦੇਤਾ ਹੈਂ। ਏਕ ਤੂੰ ਹੀ ਦੇਨੇ ਵਾਲਾ ਹੈਂ। ਵਾਪਸ ਲੇਨੇ ਵਾਲਾ ਭੀ ਤੂੰ ਹੀ ਹੈ, ਕੋਈ ਔਰ ਦੂਸਰਾ ਨਹੀਂ ਹੈ ਜੋ ਕਿ ਐਸੀ ਤਾਕਤ ਰੱਖਤਾ ਹੋ। ਤੂੰ ਸਭ ਕੁੱਛ ਜਾਨਨੇ ਵਾਲਾ ਹੈਂ। ਤੂੰ ਸਭ ਕੁੱਛ ਦੇਖ ਰਹਾ ਹੈਂ। ਹੇ ਨਾਮ ਦੇਵ ਕੇ ਸਵਾਮੀ ਤੂ ਸਭ ਬਖ਼ਸਿਸ਼ ਕਰਨੇ ਵਾਲਾ ਹੈਂ। ਤੂ ਸਭ ਕੇ ਦਿਲੋਂ ਕੋ ਜਾਨਨੇ ਵਾਲਾ ਹੈਂ। ਤੂੰ ਸਭ ਕੁੱਛ ਦੇਖ ਰਹਾ ਹੈਂ। ਹੇ ਹਰੀ, ਮੈਂ ਤੇਰਾ ਕੌਨ-ਕੌਨ ਸਾ ਗੁਨ ਬਿਆਨ ਕਰੂੰ। ਤੂੰ ਹੀ ਮੇਰਾ ਸਹਾਰਾ ਹੈਂ। ਪਰਮਾਤਮਾਂ ਸਦਾ ਅਟੱਲ ਹੈ, ਔਰ ਹਰ ਜਗ੍ਹਾ ਮੌਜੂਦ ਹੈ।

ਅਸੀਂ ਲੋਭ, ਮੁਹ, ਹੰਕਾਰ ਵਿੱਚ ਉਲਝਕੇ ਰਹਿ ਗਏ ਹਾਂ। ਸੌ-ਸੌ ਸਾਲਾਂ ਦੇ ਮਨਸੂਬੇ ਬੰਨ੍ਹ ਰਹੇ ਹਾਂ ਜਦੋਂਕਿ ਅਗਲੇ ਪਲ ਵਿੱਚ ਕੀ ਹੋਣਾ ਹੈ, ਕਿਸੇ ਨੂੰ ਕੁੱਝ ਨਹੀਂ ਪਤਾ। ਸੋਨਾ ਕਦੋਂ ਤੇ ਕਿਸ ਤਰ੍ਹਾਂ ਕੁੰਦਨ ਬਣਦਾ ਹੈ। ਅਗਨ ਕੁੰਡ ਵਿੱਚ ਸੋਨਾ ਜਦੋਂ ਢੱਲ ਜਾਂਦਾ ਹੈ, ਸਾਰੀ ਮੈਲ ਉਤਰ ਜਾਂਦੀ ਹੈ ਤਾਂ ਫਿਰ ਕੁੰਦਨ ਬਣਦਾ ਹੈ। ਪੱਥਰ ਜਦੋਂ ਇੱਕ-ਇੱਕ ਅੰਗ ਕਟਵਾ ਲੈਂਦਾ ਹੈ, ਹਥੋੜੇ ਦੀ ਬੇਸ਼ੁਮਾਰ ਮਾਰ ਖਾਂਦਾ ਹੈ, ਫਿਰ ਕਿਤੇ ਜਾ ਕੇ ਉਸ ਵਿਚੋਂ ਹੀਰਾ ਜਨਮ ਲੈਂਦਾ ਹੈ। ਮਾਲ-ਓ-ਦੌਲਤ ਤੇ ਗੁਰੂਰ ਕਾਹਦਾ, ਇਹ ਢਲਦੀ ਛਾਇਆ ਹੈ। ਇਹ ਹਰ ਰੋਜ਼ ਅੱਪਣਾ ਟਿਕਾਣਾ ਬਦਲਦੀ ਹੈ।

ਸ੍ਰੀ ਸੁਖਮਨੀ ਸਾਹਿਬ ਜੀ ਦੇ ਅਨਮੋਲ ਬਚਨ॥

ਅਗਰ ਕੋਈ ਅੱਪਨੇ ਤਨ ਕੇ ਟੁਕੜੇ-ਟੁਕੜੇ ਭੀ ਕਰ ਦੇ, ਫਿਰ ਭੀ ਉਸਕੇ ਮਨ ਕਾ ਮੈਲ ਨਹੀਂ ਉਤਰਤਾ। ਤੀਰਥ ਯਾਤਰਾ ਕੇ ਦੌਰਾਨ ਅਗਰ ਕਿਸੀ ਕੀ ਜਾਨ ਭੀ ਨਿਕਲ ਜਾਏ ਫਿਰ ਭੀ ਮਨ ਕੀ ਖਵਾਹਿਸ਼ ਦੂਰ ਨਹੀਂ ਹੋਤੀ। ਮਾਨ-ਗੁਮਾਨ, ਮਨ ਕਾ ਗਰੂਰ, ਦਿਨ-ਰਾਤ ਤਨ ਕੀ ਸਫਾਈ ਕਰਨੇ ਸੇ ਔਰ ਲਾਖ ਨੇਕੀ ਕਰਨੇ ਸੇ ਭੀ ਮਨ ਕਾ ਮੈਲ ਨਹੀਂ ਜਾਤਾ। ਪਰਮਾਤਮਾ ਕਾ ਨਾਮ ਸਭ ਸੇ ਉੱਚਾ ਹੈ, ਜਿਸਕੀ ਮਹਿਮਾ ਗਾਨੇ ਸੇ ਪਾਪੀ ਭੀ ਮੁਕਤ ਹੋ ਜਾਤੇ ਹੈਂ। ਯੇ ਤਨ ਫਾਨੀ ਹੈ। ਇਸਕੋ ਮਲ ਕਰ ਧੋਨੇ ਸੇ ਭੀ ਖ਼ਾਕੀ ਜਿਸਮ, ਮੱਟੀ ਕਾ ਪੁਤਲਾ, ਸਾਫ ਔਰ ਪਾਕ ਨਹੀਂ ਹੋਤਾ। ਜੋ ਬੰਦਾ ਹਰ ਇੱਕ ਸੇ, ਖੁਦ ਕੋ ਨੀਚਾ ਗਿਨਨੇ ਵਾਲਾ ਹੈ, ਦਰਅਸਲ ਵੁਹੀ ਸਭ ਸੇ ਊਚਾ ਹੋਤਾ ਹੈ। ਆਲ੍ਹਾ ਹੈ, ਵੁਹ ਬਾਲਾ (ਊਚਾ) ਹੈ। ਆਦਮੀ ਕੀ ਫਿਤਰਤ ਦੇਖੀਏ ਕਿ ਲਾਲ੍ਹੋਂ, ਹੀਰੋਂ ਕੋ ਫੈਂਕ ਕਰ ਕੌੜੀ (ਕੌਡੀ) ਪਰ ਜਾਨ ਗੰਵਾਤਾ ਹੈ। ਹੱਕ ਸੇ ਭਾਗੇ, ਸੱਚ ਕੋ ਤਿਆਗੇ, ਬੜੀ ਖੁਸ਼ੀ-ਖੁਸ਼ੀ ਝੂਟ ਕਮਾਤਾ ਹੈ।(ਝੂਟ ਕੀ ਦੌਲਤ) ਇਨਸਾਨੋਂ ਵਾਲੀ ਸ਼ਕਲ ਪਾਈ ਹੈ, ਲੇਕਿਨ ਕਰਤੂਤ (ਆਮਾਲ) ਹੈਵਾਨੋ ਵਾਲੀ ਹੈ। ਉਜਲਾ-ਉਜਲਾ ਭੇਸ ਬਨਾਤਾ ਹੈ। ਮਨ ਮੇਂ ਮੈਲੀ ਮਾਇਆ ਹੈ ਜੋ ਕਿ ਲਾਖ ਛੁਪਾਨੇ ਸੇ ਭੀ ਨਹੀਂ ਛੁਪਾਈ ਜਾ ਸਕਤੀ। ਲੋਭ ਔਰ ਹਿਰਸ ਕੇ ਸ਼ੋਹਲੇ (ਲਾਲਚ) ਦਿਲ ਮੇਂ ਭੜਕਤੇ ਹੈਂ। ਗਹਿਰਾ ਸਾਗਰ ਕੈਸੇ ਪਾਰ ਕਰ ਸਕੇਗਾ। ਗਰਦਨ ਮੇਂ ਏਕ ਭਾਰੀ ਸਿਲ (ਪੱਥਰ) ਲਟਕਾਈ ਹੂਈ ਹੈ। ਜਿਸਕੇ ਮਨ ਮੇਂ ਰੱਬ ਨੇ ਆਕਰ ਡੇਰਾ ਜਮਾਇਆ ਹੈ, ਉਸ ਬੰਦੇ ਕੇ ਮਨ ਮੇਂ ਚੈਨ ਹੈ। ਮੁਸਾਫਰ ਸੇ ਜੋ ਪ੍ਰੀਤ ਲਗਾਤਾ ਹੈ ਵੁਹ ਆਖਰ ਕੋ ਰੋਤਾ ਹੈ। ਵੁਹ ਖੇਤੀ ਸੂਖ ਕੇ ਜਲ ਜਾਤੀ ਹੈ ਜਿਸ ਪਰ ਬਰਸਾਤ ਨਹੀਂ ਹੋਤੀ। ਭਾੜ੍ਹ ਮੇਂ ਜਾਏ ਸ਼ੂਮ ਦੀ ਦੌਲਤ ਜਿਸ ਸੇ ਕੁਛ ਆਰਾਮ ਨਹੀਂ। ਹਰ ਕਾਰਜ ਕਾ ਕਰਨੇ ਵਾਲਾ, ਸਭ ਕਾ ਕਰਤਾ, ਨਾਨਕ ਰੱਬ ਕਾ ਨਾਮ ਜਪੇ ਜਾ। ਆਲੀ ਹੈ ਸਰਕਾਰ ਵੁਹੀ, ਉਸ ਕੇ ਉਪਰ ਔਰ ਕੋਈ ਸਰਕਾਰ ਨਹੀਂ ਹੈ। ਵੁਹ ਸ਼ੁਰੂ ਮੇਂ ਥਾ, ਅੱਬ ਭੀ ਹੈ। ਆਇੰਦਾ ਭੀ ਰਹੇਗਾ।

"ਮਿੱਟੀ ਦਾ ਪੁਤਲਾ ਸਾਫ ਨਹੀਂ ਹੋਤਾ। ਹੀਰੇ ਛੱਡਕੇ ਕੌਡੀਆਂ ਮਗਰ ਭੱਜਦਾ ਹੈ। ਖ਼ਾਕ ਸਾਰੀ ਮਿਟ ਗਈ ਹੈ। ਹੰਕਾਰ ਵੱਧ ਗਿਆ ਹੈ। ਸ਼ਕਲ ਮੋਮਨਾ ਕਰਤੂਤ ਕਾਫਰਾਂ। ਇਸ ਟੈਸਟ ਵਿੱਚ ਆਪਾਂ ਕਿੱਥੇ ਫਿੱਟ ਹੁੰਦੇ ਹਾਂ...?"

**- ਪੇਸ਼ਕਸ਼ ਆਨੰਦ**

# ਨਵਾਜ਼ ਸਜ਼ਾ ਵਿਚਾਰ ਅਧੀਨ ਅਪੀਲਾਂ ਨੂੰ ਨਵੇਂ ਸਿਰੇ ਤੋਂ ਕਰਨਗੇ ਦਾਇਰ

ਲਾਹੌਰ: ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਪਾਕਿਸਤਾਨ ਪਰਤਨ 'ਤੇ ਐਵਨਫ਼ੀਲਡ ਅਪਾਰਟਮੈਂਟ ਅਤੇ ਅਲ-ਅਜ਼ੀਜ਼ੀਆ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਆਪਣੀ ਸਜ਼ਾ ਖ਼ਿਲਾਫ਼ ਪੈਂਡਿੰਗ (ਵਿਚਾਰ ਅਧੀਨ) ਅਪੀਲਾਂ ਨਵੇਂ ਸਿਰੇ ਤੋਂ ਦਾਇਰ ਕਰਨ ਲਈ ਅਰਜ਼ੀਆਂ 'ਤੇ ਦਸਤਖ਼ਤ ਕੀਤੇ। ਤਿੰਨ ਵਾਰ ਦੇ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (PML-N) ਦੇ ਮੁੱਖੀ 73 ਸਾਲਾ ਸ਼ਰੀਫ਼ ਲੰਡਨ 'ਚ ਆਪਣੀ ਚਾਰ ਸਾਲ ਦੀ ਸਵੈ-ਜਲਾਵਤਨੀ ਤੋਂ ਬਾਅਦ ਲੰਘੇ ਸ਼ਨੀਵਾਰ ਨੂੰ ਪਾਕਿਸਤਾਨ ਪਰਤੇ ਸਨ।

ਸ਼ਰੀਫ਼ ਨੇ ਇਸਲਾਮਾਬਾਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅਰਜ਼ੀਆਂ 'ਤੇ ਦਸਤਖ਼ਤ ਕੀਤੇ। PML-N ਦੇ ਵਕੀਲ ਨੇ ਡਾਅਨ ਅਖ਼ਬਾਰ ਨੂੰ ਦੱਸਿਆ ਕਿ ਉਨ੍ਹਾਂ ਦੀ ਕਾਨੂੰਨੀ ਟੀਮ ਵਲੋਂ ਤਿਆਰ ਅਰਜ਼ੀਆਂ ਇਸਲਾਮਾਬਾਦ ਹਾਈ ਕੋਰਟ ਦੇ ਡਿਵਿਯਨ ਬੈਂਚ 'ਚ ਦਾਇਰ ਕੀਤੀਆਂ ਜਾਣਗੀਆਂ ਅਤੇ ਇਸ 'ਤੇ 24 ਅਕਤੂਬਰ ਨੂੰ ਸੁਣਵਾਈ ਹੋਣ ਦੀ ਸੰਭਾਵਨਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸ਼ਰੀਫ਼ ਦੀ ਕਾਨੂੰਨੀ ਟੀਮ ਗ੍ਰਿਫ਼ਤਾਰੀ ਤੋਂ ਸੁਰੱਖਿਆ ਦੇ ਮੱਦੇਨਜ਼ਰ ਜ਼ਮਾਨਤ ਲਈ ਇੱਕ ਪਟੀਸ਼ਨ ਵੀ ਦਾਇਰ ਕਰੇਗੀ।

# ਮੇਰੀ ਕਹਾਣੀ



ਕਿਸ਼ਤ 245

ਗੁਰਮੇਲ ਸਿੰਘ ਭੰਵਰਾ

ਪੋਤੇ ਐਰਨ ਦੀ ਉਮਰ ਇੱਕ ਸਾਲ ਹੋਣ ਤੋਂ ਬਾਅਦ ਜਸਵਿੰਦਰ ਕੰਮ ਤੇ ਜਾਣ ਲਗ ਪਈ। ਉਹ ਜੌਬ ਸੈਂਟਰ ਜਾਣੀ ਐਮਪਲੌਏਮੈਂਟ ਔਫਿਸ ਵਿਚ ਕੰਮ ਕਰਦੀ ਸੀ ਜਿਥੇ ਬੱਚੇ ਦੀ ਪਰਵਰਿਸ਼ ਵਾਸਤੇ ਇੱਕ ਸਾਲ ਦੀ ਛੁਟੀ ਮਿਲ ਜਾਂਦੀ ਸੀ। ਕਾਊਂਸਲ ਜੌਬ ਕਰਕੇ ਇਥੇ ਬਹੁਤ ਸਹੂਲਤਾਂ ਮਿਲ ਜਾਂਦੀਆਂ ਸਨ ਅਤੇ ਅਜੇ ਭੀ ਬਹੁਤ ਮਦਦ ਮਿਲ ਜਾਂਦੀ ਹੈ। ਕਿਓਂਕਿ ਹਫਤੇ ਵਿਚ ਦੋ ਦਿਨ ਕੁਲਵੰਤ ਆਪਣਾ ਕਮਿਊਨਿਟੀ ਸੈਂਟਰ ਚਲਾਉਂਦੀ ਸੀ, ਇਸ ਕਰਕੇ ਤਿੰਨ ਦਿਨ ਵਾਸਤੇ ਐਰਨ ਦੀ ਜਿੰਮੇਵਾਰੀ ਸਾਡੀ ਸੀ। ਛੋਟੇ ਬੱਚੇ ਦੀ ਦੇਖ ਭਾਲ ਕਰਨੀ ਭੀ ਵੱਡਾ ਕੰਮ ਹੈ ਲੇਕਿਨ ਇਸ ਵਿਚ ਮਜ਼ਾ ਭੀ ਬਹੁਤ ਆਉਂਦਾ ਹੈ। ਕੁਲਵੰਤ ਨੂੰ ਤਾਂ ਉਂਝ ਹੀ ਬੱਚਿਆਂ ਨਾਲ ਬਹੁਤ ਪਿਆਰ ਹੈ, ਇਹ ਤਾਂ ਫਿਰ ਆਪਣਾ ਸੀ। ਪਤਾ ਨਹੀਂ ਕਿੰਨੀ ਵਾਰੀ ਐਰਨ ਕਪੜੇ ਖਰਾਬ ਕਰਦਾ, ਕੁਲਵੰਤ ਐਰਨ ਨੂੰ ਸਾਫ ਕਰਕੇ ਮੈਨੂੰ ਫੜਾ ਦਿੰਦੀ ਅਤੇ ਆਪ ਧੋਤੇ ਸੁੱਕੇ ਕਪੜੇ ਪ੍ਰੈਸ ਕਰ ਲੱਗ ਜਾਂਦੀ। ਛੋਟੇ ਬੱਚੇ ਦੀ ਦੇਖ ਭਾਲ ਕਰਨਾ ਭੀ ਚੌਵੀ ਘੰਟੇ ਦਾ ਕੰਮ ਹੁੰਦਾ ਹੈ ਪਰ ਜਿੰਨਾ ਚਿਰ ਭੀ ਇਹ ਜਿੰਮੇਵਾਰੀ ਸਾਡੀ ਹੁੰਦੀ, ਅਸੀਂ ਬਹੁਤ ਐਨਜੌਏ ਕਰਦੇ। ਗਿਆਰਾਂ ਕੁ ਵਜੇ ਮੈਂ ਲਾਇਬ੍ਰੇਰੀ ਨੂੰ ਚਲੇ ਜਾਂਦਾ ਅਤੇ ਦੋ ਕੁ ਵਜੇ ਵਾਪਸ ਆ ਜਾਂਦਾ। ਬੱਚਿਆਂ ਦੀ ਦੇਖ ਭਾਲ ਅਸੀਂ ਇੰਨੀ ਕੀਤੀ ਕਿ ਮੈਂ ਲਿਖ ਨਹੀਂ ਸਕਦਾ ਕਿ ਇਸ ਵਿਚ ਸਾਨੂੰ ਕਿੰਨਾ ਆਨੰਦ ਮਿਲਿਆ, ਇਸ ਨੂੰ ਨਾਪਣ ਦਾ ਕੋਈ ਯੰਤਰ ਨਹੀਂ ਹੈ । ਸ਼ਾਇਦ ਇਹੋ ਹੀ ਕਾਰਨ ਹੈ ਕਿ ਅੱਜ ਸਾਰੇ ਪੋਤੇ, ਦੋਹਤੇ ਅਤੇ ਦੋਹਤੀ ਸਾਡੇ ਬਹੁਤ ਨੇੜੇ ਹਨ। ਕੁਲਵੰਤ ਨੂੰ ਸਲ੍ਹਾਈਆਂ ਨਾਲ ਸਵੈਟਰ ਅਤੇ ਇਸ ਤਰਾਂ ਦੇ ਹੋਰ ਕਪੜੇ ਬੁਣਨ ਦਾ ਸ਼ੌਂਕ ਅਜੇ ਤਕ ਬਹੁਤ ਹੈ। ਉਸ ਦੇ ਬੁਣੇ ਬੱਚਿਆਂ ਦੇ ਕਾਰਡੀਗਨ, ਜਰਾਬਾਂ ਅਤੇ ਟੋਪੀਆਂ ਆਦਿਕ ਸਾਰੇ ਰਿਸ਼ਤੇਦਾਰਾਂ ਦੇ ਬੱਚਿਆਂ ਦੇ ਹਿੱਸੇ ਆਏ। ਹੁਣ ਤਕ ਜਦ ਭੀ ਕਿਸੇ ਦੇ ਬੱਚਾ ਪੈਦਾ ਹੁੰਦਾ ਉਸ ਨੂੰ ਟੈਲੀਫੂਨ ਆ ਜਾਂਦਾ ਹੈ ਅਤੇ ਘਰ ਆ ਕੇ ਕੁਲਵੰਤ ਨੂੰ ਉੱਨ ਫੜਾ ਜਾਂਦੇ ਹਨ ਅਤੇ ਉਹ ਕੁਛ ਹੀ ਦਿਨਾਂ ਵਿਚ ਤਿਆਰ ਕਰ ਦਿੰਦੀ ਹੈ, ਉਹ ਮਜਬੂਰੀ ਮਹਿਸੂਸ ਨਹੀਂ ਕਰਦੀ ਬਲਕਿ ਬੜੇ ਸ਼ੌਕ ਨਾਲ ਬੁਣਦੀ ਹੈ। ਐਰਨ ਤਾਂ ਆਪਣਾ ਪੋਤਾ ਸੀ। ਇਸ ਕਰਕੇ ਉਹ ਨਿੱਤ ਨਵੇਂ ਕਾਰਡੀਗਨ ਅਤੇ ਟੋਪੀਆਂ ਬਗੈਰਾ ਬੁਣਦੀ ਰਹਿੰਦੀ।

ਮੈਨੂੰ ਯਾਦ ਹੈ ਜਦ ਐਰਨ ਆਪਣੇ ਆਪ ਖੜ੍ਹਾ ਹੋ ਕੇ ਤੁਰਨ ਲਈ ਪੈਰ ਪੁੱਟਣ ਲੱਗਾ ਸੀ ਤਾਂ ਅਸੀਂ ਕਿੰਨੇ ਖੁਸ਼ ਸੀ। ਅਸੀਂ ਦੋਵੇਂ ਐਰਨ ਦੇ ਅੱਗੜ ਪਿੱਛੜ ਖੜ੍ਹੇ ਹੋ ਜਾਂਦੇ ਅਤੇ ਉਹ ਹੱਸਦਾ ਹੱਸਦਾ ਕੁਛ ਪੈਰ ਪੁੱਟਦਾ ਤਾਂ ਅਸੀਂ ਉਸ ਨੂੰ ਬਹੁਤ ਲਾਡ ਪਿਆਰ ਕਰਦੇ। ਉਹ ਖੜ੍ਹਾ ਹੋ ਕੇ ਉੱਠਦਾ ਅਤੇ ਕੁਛ ਕਦਮ ਚੱਲ ਕੇ ਡਿਗ ਪੈਂਦਾ। ਹੌਲੀ ਹੌਲੀ ਉਹ ਤੁਰਨ ਲੱਗ ਪਿਆ। ਸਾਰਾ ਦਿਨ ਉਹ ਕਮਰੇ ਵਿਚ ਤੁਰਦਾ ਫਿਰਦਾ ਰਹਿੰਦਾ। ਨਵੇਂ ਨਵੇਂ ਖਿਡੌਣਿਆਂ ਨਾਲ ਕਮਰਾ ਭਰ ਗਿਆ ਸੀ। ਕੁਲਵੰਤ ਨੇ ਉਸ ਦੇ ਬਹੁਤ ਸਾਰੇ ਖਿਡਾਉਣੇ ਸੰਭਾਲ ਕੇ ਰੱਖ ਲਏ ਸਨ। ਦੋ ਕੁ ਹਫਤੇ ਹੋਏ ਉਸ ਨੇ ਇਹ ਖਿਡੌਣੇ ਐਰਨ ਨੂੰ ਦਿਖਾਏ ਸਨ। ਇਹਨਾਂ ਨੂੰ ਦੇਖ ਕੇ ਉਹ ਬਹੁਤ ਹੈਰਾਨ ਅਤੇ ਖੁਸ਼ ਹੋਇਆ ਸੀ ਕਿਓਂਕਿ ਹੁਣ ਉਹ ਵੱਡਾ ਹੋ ਗਿਆ ਹੈ। ਕੁਛ ਬੜਾ ਹੋਇਆ ਤਾਂ ਅਸੀਂ ਉਸ ਲਈ ਛੋਟਾ ਜਿਹਾ ਢੋਲ ਲਿਆ ਦਿੱਤਾ ਜਿਸ ਨੂੰ ਕਈ ਸਾਲ ਉਸ ਨੇ ਬੜੀ ਰੂਹ ਨਾਲ ਵਜਾਇਆ ਸੀ। ਇੱਕ ਵਾਰੀ ਇਕ ਵਿਆਹ ਵਿਚ ਜਦੋਂ ਸਾਰੇ ਡਾਂਸ ਕਰ ਰਹੇ ਸੀ ਤਾਂ ਨਿੱਕਾ ਜਿਹਾ ਐਰਨ ਭੀ ਗਲ੍ਹ ਵਿੱਚ ਢੋਲ ਪਾਈ ਵਜਾਉਂਦਾ ਇਧਰ ਉਧਰ ਘੁੰਮ ਰਿਹਾ ਸੀ ਅਤੇ ਦੇਖ ਕੇ ਅਸੀਂ ਖੁਸ਼ ਹੋ ਰਹੇ ਸੀ। ਹੌਲੀ ਹੌਲੀ ਅਸੀਂ ਉਸ ਨੂੰ ਪਾਰਕ ਨੂੰ ਲੈ ਜਾਣ ਲੱਗੇ। ਇਹ ਪਾਰਕ ਸਾਥੋਂ ਕੋਈ ਅੱਧਾ ਕੁ ਮੀਲ ਦੂਰ ਹੀ ਹੈ। ਇਹ ਬਹੁਤ ਵੱਡੀ ਪਾਰਕ ਹੈ ਜਿਸ ਨੂੰ ਵੈਸਟ ਪਾਰਕ ਬੋਲਦੇ ਹਨ। ਬੱਚਿਆਂ ਦੇ ਮਨੋਰੰਜਨ ਵਾਸਤੇ ਇਸਦੇ ਇੱਕ ਪਾਸੇ ਤਰਾਂ ਤਰਾਂ ਦੇ ਝੂਲੇ ਹਨ। ਇਥੇ ਛੋਟੇ ਛੋਟੇ ਬੱਚਿਆਂ ਵਾਸਤੇ ਅਲੱਗ ਅਤੇ ਵੱਡੇ ਬੱਚਿਆਂ ਵਾਸਤੇ ਅਲੱਗ ਝੂਲੇ ਬਣੇ ਹੋਏ ਹਨ। ਸੀ ਸੌਅ ਦੇ ਇੱਕ ਪਾਸੇ ਕੁਲਵੰਤ ਐਰਨ ਨੂੰ ਬਿਠਾ ਦਿੰਦੀ ਅਤੇ ਉਹ ਮੋਹਰੇ ਲੱਗਾ ਹੈਂਡਲ ਫੜ ਲੈਂਦਾ, ਦੂਸਰੇ ਪਾਸੇ ਮੈਂ ਬੈਠ ਕੇ ਭਾਰ ਦਿੰਦਾ ਤਾਂ ਐਰਨ ਉੱਪਰ ਨੂੰ ਹੋ ਜਾਂਦਾ ਅਤੇ ਬਹੁਤ ਖੁਸ਼ ਹੁੰਦਾ, ਫਿਰ ਜਦ ਮੈਂ ਉਸ ਫੱਟੇ ਤੇ ਬੈਠਾ ਹੋਇਆ ਉੱਪਰ ਨੂੰ ਹੋ ਜਾਂਦਾ ਤਾਂ ਐਰਨ ਥੱਲੇ ਆ ਜਾਂਦਾ। ਇਸ ਤਰਾਂ ਹੋਰ ਹੋਰ ਪੀਂਘਾਂ ਤੇ ਲੈ ਜਾਂਦੇ। ਅਖੀਰ ਵਿਚ ਅਸੀਂ ਉਸ ਨੂੰ ਪਾਰਕ ਵਿਚ ਖੜ੍ਹੀ ਆਈਸ ਕਰੀਮ ਦੀ ਵੈਨ ਕੋਲ ਲੈ ਆਉਂਦੇ ਅਤੇ ਉਹਦੀ ਮਨ ਪਸੰਦ ਆਈਸ ਕਰੀਮ ਲੈ ਦਿੰਦੇ। ਕਈ ਘੰਟੇ ਪਾਰਕ ਵਿਚ ਬਿਤਾ ਕੇ ਘਰ ਆ ਜਾਂਦੇ। ਇਸ ਨਾਲ ਐਰਨ ਤਾਂ ਖੁਸ਼ ਹੁੰਦਾ ਹੀ ਸੀ ਪਰ ਜੋ ਸਾਨੂੰ ਖੁਸ਼ੀ ਮਿਲਦੀ ਸੀ, ਉਸ ਨੂੰ ਦਰਸਾਉਣਾ ਅਸੰਭਵ ਹੈ। ਹੌਲੀਡੇ ਵਾਸਤੇ ਮੇਰੀ ਅਤੇ ਗਿਆਨੋ ਭੈਣ ਦੇ ਬੇਟੇ ਜਸਵੰਤ ਦੀ ਅਕਸਰ ਗੱਲ ਹੁੰਦੀ ਰਹਿੰਦੀ ਸੀ। ਕਦੇ ਕਦੇ ਕੰਮ ਤੋਂ ਆਉਂਦਾ ਹੋਇਆ ਉਹ ਸਾਡੇ ਘਰ ਆ ਜਾਂਦਾ ਸੀ। ਇੱਕ ਦਿਨ ਆਉਂਦਾ ਹੋਇਆ ਬੋਲਿਆ, ( ਮਾਮਾ ! ਪੁਰਤਗਾਲ ਦੀ ਹੌਲੀਡੇ ਵਾਸਤੇ ਇਕ ਡੀਲ ਮਿਲ ਰਹੀ ਹੈ ਜੋ ਵਾਜ਼ਬ ਕੀਮਤ ਤੇ ਮਿਲ ਰਹੀ ਹੈ, ਕੀ ਖਿਆਲ ਹੈ !", ਮੈਂ ਅਤੇ ਕੁਲਵੰਤ ਸਲਾਹ ਕਰਨ ਲੱਗੇ ਕਿਓਂਕਿ ਐਰਨ ਦੀ ਦੇਖ ਭਾਲ ਸਾਡੇ ਜਿਮੇ ਸੀ। ਸੁਣ ਕੇ ਜਸਵਿੰਦਰ ਬੋਲੀ ਕਿ ਉਹ ਛੁਟੀਆਂ ਕਰ ਲਵੇਗੀ ਅਤੇ ਅਸੀ ਹੌਲੀਡੇ ਜਾ ਆਈਏ। ਹੁਣ ਜਸਵੰਤ ਨੇ ਸਾਰਾ ਦੱਸਿਆ ਕਿ ਇਹ ਇੱਕ ਹਫਤੇ ਵਾਸਤੇ ਹੈ ਅਤੇ ਇਸ ਵਿਚ ਫ੍ਰੀ ਕਾਰ ਭੀ ਮਿਲੇਗੀ ਅਤੇ ਸੈਲਫ ਕੇਟ੍ਰਿੰਗ ਹੈ, ਕਾਫੀ ਵੱਡਾ ਹੋਟਲ ਹੈ ਅਤੇ ਇਹ ਸਾਡੀ ਮਰਜ਼ੀ ਹੈ ਕਿ ਅਸੀਂ ਖਾਣਾ ਉਥੋਂ ਖਾਣਾ ਹੈ ਜਾਂ ਆਪ ਬਣਾਉਣਾ ਹੈ, ਕਮਰੇ ਦੇ ਇੱਕ ਪਾਸੇ ਕਿਚਨ ਦਾ ਸਾਰਾ ਸਮਾਨ ਹੋਵੇਗਾ, ਗੈਸ ਕੁੱਕਰ, ਫਰਿਜ ਅਤੇ ਖਾਣੇ ਬਣਾਉਣ ਵਾਸਤੇ ਭਾਂਡੇ, ਕੱਪ ਪਲੇਟਾਂ ਚਮਚੇ ਤਕ। ਇੰਨੀ ਸਸਤੀ ਹੌਲੀਡੇ ਮਿਲਣ ਦਾ ਕਾਰਨ ਇਹ ਹੈ ਕਿ ਹੁਣ ਔਫ ਪੀਕ ਸੀਜ਼ਨ ਹੈ ਅਤੇ ਸਕੂਲਾਂ ਦੀਆਂ ਛੁਟਿਆ ਖਤਮ ਹੋ ਗਈਆਂ ਹਨ ਅਤੇ ਹੋਟਲਾਂ ਵਿਚ ਇਸ ਵਕਤ ਇੰਨੀ ਭੀੜ ਨਹੀਂ ਹੁੰਦੀ। ਹੋਰ ਭੀ ਕਾਫੀ ਗੱਲਾਂ ਜਸਵੰਤ ਨੇ ਦੱਸੀਆਂ ਕਿ ਇਹ ਹੌਲੀਡੇ ਪੁਰਤਗਾਲ ਵਿਚ ਸਮੁੰਦਰ ਦੇ ਕੰਢੇ ਔਲਗਾਰਵ ਵਿਚ ਹੈ। ਜਸਵੰਤ ਨੂੰ ਅਸੀਂ ਹਰੀ ਝੰਡੀ ਦੇ ਦਿੱਤੀ ਦਿੱਤੀ। ਦੋ ਕੁ ਦਿਨਾਂ ਬਾਅਦ ਉਹ ਫਿਰ ਆਇਆ ਅਤੇ ਸਾਨੂੰ ਦੱਸ ਦਿੱਤਾ ਕਿ ਹੌਲੀਡੇ ਬੁੱਕ ਹੋ ਗਈ ਹੈ। ਜਸਵੰਤ ਅਤੇ ਉਸ ਦੀ ਮਾਂ ਗਿਆਨੋਂ ਭੈਣ, ਦੋਵਾਂ ਨੇ ਜਾਣਾ ਸੀ। ਹੌਲੀਡੇ ਦੀ ਤਿਆਰੀ ਹੋਣ ਲੱਗੀ। ਮਨ ਕਰੇ ਤਾਂ ਪਰੌਂਠੇ ਬਣਾਉਣ ਲਈ ਥੋੜ੍ਹਾ ਜਿਹਾ ਆਟਾ, ਕੁਛ ਮਸਾਲੇ ਅਤੇ ਚਾਵਲ ਭੀ ਰੱਖ ਲਏ ਤਾਂਕਿ ਜੇ ਉਥੇ ਚਿਕਨ ਕਰੀ ਬਣਾਉਣ ਨੂੰ ਮਨ ਕਰੇ ਤਾਂ ਇਹਨਾਂ ਚੀਜ਼ਾਂ ਦਾ ਫਾਇਦਾ ਹੋ ਜਾਵੇਗਾ। ਕੁਛ ਦਿਨਾਂ ਵਿਚ ਹੀ ਤਿਆਰੀ ਹੋ ਗਈ ਅਤੇ ਜਿਸ ਦਿਨ ਜਾਣਾ ਸੀ, ਸੰਦੀਪ ਸਾਨੂੰ ਚੌਹਾਂ ਨੂੰ ਵੁਲਵਰਹੈਂਪਟਨ ਰੇਲਵੇ ਸਟੇਸ਼ਨ ਤੇ ਛੱਡ ਆਇਆ। ਕਿਸੇ ਸਮੇ ਵੁਲਵਰਹੈਮਪਟਨ ਦੇ ਦੋ ਰੇਲਵੇ ਸਟੇਸ਼ਨ ਹੁੰਦੇ ਸਨ, ਹਾਈ ਲੈਵਲ ਅਤੇ ਲੋਅ ਲੈਵਲ ਪਰ ਲੋਅ ਲੈਵਲ 1970 ਦੇ ਨੇੜੇ ਤੇੜੇ ਬੰਦ ਕਰ ਦਿੱਤਾ ਗਿਆ ਸੀ ਅਤੇ ਹੁਣ ਇੱਕਲਾ ਹਾਈ ਲੈਵਲ ਹੀ ਸੀ ਲੇਕਿਨ ਇਹ ਬਿਲਕੁਲ ਨਵਾਂ ਬਣਾ ਦਿੱਤਾ ਗਿਆ ਸੀ। ਲੋਅ ਲੈਵਲ ਤੋਂ ਸਾਡੀ ਇੱਕ ਬੱਸ ਭੀ ਚਲਦੀ ਹੁੰਦੀ ਸੀ ਅਤੇ ਇਕ ਵਾਰੀ ਸ਼ਾਇਦ 1965 ਵਿਚ ਇਥੋਂ ਇੱਕ ਬਸ ਤੇ ਮੈਂ ਕੰਡਕਟਰ ਦੀ ਡਿਊਟੀ ਭੀ ਨਿਭਾਈ ਸੀ ਜਿਸ ਵਾਰੇ ਮੈਂ ਪਹਿਲਾਂ ਭੀ ਲਿਖ ਚੁੱਕਿਆ ਹਾਂ। ਦਸ ਕੁ ਮਿੰਟ ਵਿਚ ਹੀ ਟਰੇਨ ਆ ਗਈ ਅਤੇ ਵਿਚ ਬੈਠ ਕੇ ਅੱਧੇ ਕੁ ਘੰਟੇ ਵਿਚ ਅਸੀਂ ਬਰਮਿੰਘਮ ਪਹੁੰਚ ਗਏ। ਇਥੋਂ ਅਸੀਂ ਈਸਟ ਮਿਡਲੈਂਡ ਏਅਰਪੋਰਟ ਨੂੰ ਜਾਣਾ ਸੀ। ਇਥੋਂ ਫਿਰ ਟਿਕਟ ਲਏ ਅਤੇ ਟ੍ਰੇਨ ਵਿਚ ਬੈਠ ਕੇ ਟਰਮੀਨਸ ਤੇ ਪਹੁੰਚ ਗਏ। ਇਥੋਂ ਏਅਰਪੋਰਟ ਕੋਈ ਅੱਧੇ ਕੁ ਮੀਲ ਦੇ ਫਾਸਲੇ ਤੇ ਸੀ ਅਤੇ ਉਥੇ ਪਹੁੰਚਣ ਲਈ ਮੋਨੋਰੇਲ ਦੀ ਸੁਭਿਦਾ ਸੀ ਜੋ ਉੱਪਰ ਉੱਪਰ ਚਲਦੀ ਸੀ। ਵਿਚ ਬੈਠ ਕੇ ਅਸੀਂ ਸਿਧੇ ਏਅਰਪੋਰਟ ਤੇ ਪਹੁੰਚ ਗਏ। ਇਥੇ ਮੈਂ ਇਹ ਭੀ ਲਿਖ ਦੇਵਾਂ ਕਿ ਉਸ ਵਕਤ ਇਹ ਏਅਰਪੋਰਟ ਸਾਡੀ ਬਸ ਕੰਪਨੀ ਦੇ ਕੋਲ ਸੀ, ਬਾਅਦ ਵਿਚ ਇਹ ਕਿਸੇ ਹੋਰ ਕੰਪਨੀ ਨੇ ਖਰੀਦ ਲਈ ਸੀ। ਜਦ ਅਸੀਂ ਪਹੁੰਚੇ ਤਾਂ ਪੁਰਤਗਾਲ ਨੂੰ ਜਾਣ ਵਾਲੇ ਯਾਤਰੀਆਂ ਦੀ ਇੱਕ ਕਾਊਂਟਰ ਤੇ ਲਾਈਨ ਲੱਗੀ ਹੋਈ ਸੀ। ਅਸੀਂ ਭੀ ਇਸ ਲਾਈਨ ਵਿਚ ਲੱਗ ਗਏ ਅਤੇ ਕੁਛ ਹੀ ਮਿੰਟਾਂ ਵਿਚ ਸਾਡਾ ਕੰਮ ਹੋ ਗਿਆ। ਸਮਾਨ ਚਲੇ ਗਿਆ ਅਤੇ ਬੋਰਡਿੰਗ ਕਾਰਡ ਲੈ ਕੇ ਅਸੀਂ ਵੇਲ੍ਹੇ ਹੋ ਗਏ। ਇਸ ਜਹਾਜ਼ ਵਿਚ ਸਾਰੇ ਯਾਤਰੀ ਗੋਰੇ ਹੀ ਸਨ ਅਤੇ ਅਸੀਂ ਚਾਰ ਇੰਡਿਯਨ ਹੀ ਸਾਂ। ਅਜੇ ਕਾਫੀ ਵਕਤ ਸੀ ਅਤੇ ਅਸੀਂ ਏਅਰਪੋਰਟ ਵਿਚ ਫਿਰਨ ਤੁਰਨ ਲੱਗੇ ਅਤੇ ਇੱਕ ਪੇਪਰ ਸ਼ੌਪ ਤੋਂ ਅਖਬਾਰ ਖਰੀਦ ਕੇ ਨਾਲ ਹੀ ਇੱਕ ਕੈਫੇ ਵਿਚ ਬੈਠ ਕੇ ਕੌਫ਼ੀ ਪੀਣ ਲੱਗੇ। ਘੰਟੇ ਕੁ ਬਾਅਦ ਸਾਡੀ ਫਲਾਈਟ ਨੰਬਰ ਦੀ ਅਨਾਊਂਸਮੈਂਟ ਹੋਈ ਤਾਂ ਯਾਤਰੀਆਂ ਦੀ ਹਿਲ ਜੁਲ ਹੋਣ ਲੱਗੀ। ਹਨੇਰਾ ਹੋਣ ਲੱਗਾ ਸੀ। ਗੇਟ ਤੇ ਪਾਸਪੋਰਟ ਦਿਖਾ ਕੇ ਜਹਾਜ਼ ਵਲ ਨੂੰ ਸਾਰੇ ਯਾਤਰੀ ਜਾਣ ਲਗੇ। ਬਹੁਤ ਦੂਰ ਨਹੀਂ ਜਾਣਾ ਪਿਆ, ਏਅਰਪੋਰਟ ਉਦੋਂ ਇੰਨੀ ਵਡੀ ਨਹੀਂ ਸੀ। ਹੌਲੀ ਹੌਲੀ ਦਰਵਾਜ਼ੇ ਵਿਚ ਖੜ੍ਹੀ ਏਅਰ ਹੌਸਟੈਸ ਨੂੰ ਬੋਰ੍ਡਿੰਗ ਕਾਰਡ ਦਿਖਾ ਕੇ ਜਹਾਜ਼ ਵਿਚ ਆਪਣੀਆਂ ਆਪਣੀਆਂ ਸੀਟਾਂ ਲਭਣ ਲੱਗੇ। ਜਦ ਸਾਰੇ ਬੈਠ ਗਏ ਤਾਂ ਜਹਾਜ਼ ਦਾ ਇੰਜਣ ਔਨ ਹੋ ਗਿਆ ਅਤੇ ਕੁਛ ਮਿੰਟਾਂ ਬਾਅਦ ਹੀ ਅਸੀਂ ਔਲਗਾਰਵ ਦੀ ਫੈਰੋ ਏਅਰਪੋਰਟ ਵਲ ਨੂੰ ਉੜ ਰਹੇ ਸੀ। **ਚਲਦਾ.........**

# ਸਪਿਨਰ ਜਿਸ ਨੇ ਦੁਨੀਆਂ ਨੂੰ ਬਾਲ ਟੈਂਪਰਿੰਗ ਬਾਰੇ ਦੱਸਿਆ



ਮਾਲਟਨ: ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਆਲਰਾਊਂਡਰ ਅਤੇ ਕਪਤਾਨ ਬਿਸ਼ਨ ਸਿੰਘ ਬੇਦੀ ਨਹੀਂ ਰਹੇ। ਲੰਬੀ ਬੀਮਾਰੀ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਬੇਦੀ ਨੇ ਆਪਣੇ ਟੈੱਸਟ ਕਰੀਅਰ 'ਚ 67 ਮੈਚਾਂ 'ਚ 266 ਵਿਕਟਾਂ ਲਈਆਂ। ਉਹ 22 ਟੈੱਸਟਾਂ 'ਚ ਭਾਰਤੀ ਟੀਮ ਦੇ ਕਪਤਾਨ ਵੀ ਰਹੇ। ਉਹ ਲੰਬੇ ਸਮੇਂ ਤਕ ਪਹਿਲੀ ਸ਼੍ਰੇਣੀ ਕ੍ਰਿਕਟ 'ਚ ਸਰਗਰਮ ਰਹੇ। ਉਨ੍ਹਾਂ ਦੇ ਨਾਂ 1,560 ਵਿਕਟਾਂ ਹਨ। ਬੇਦੀ ਦਾ ਨਾਂ ਕ੍ਰਿਕਟ ਜਗਤ 'ਚ ਉਨ੍ਹਾਂ ਦੇ ਸੁਭਾਅ ਅਤੇ ਸਪੱਸ਼ਟ ਬੋਲਣ ਲਈ ਸਤਿਕਾਰਿਆ ਜਾਂਦਾ ਸੀ। ਬੇਦੀ ਉਨ੍ਹਾਂ ਪ੍ਰਮੁੱਖ ਖਿਡਾਰੀਆਂ 'ਚੋਂ ਇੱਕ ਸਨ ਜੋ ਕ੍ਰਿਕਟ 'ਚ ਮਾਨਸਿਕ ਜੰਗ ਨੂੰ ਮਹੱਤਵਪੂਰਣ ਮੰਨਦੇ ਸਨ। ਆਓ ਜਾਣਦੇ ਹਾਂ ਉਨ੍ਹਾਂ ਦੇ ਜੀਵਨ ਨਾਲ ਜੁੜੇ ਅਜਿਹੇ ਪੰਜ ਕਿੱਸੇ:

**ਪਹਿਲੀ ਵਾਰ ਬਾਲ ਟੈਂਪਰਿੰਗ ਦਾ ਲਾਇਆ ਸੀ ਦੋਸ਼:** 1976-77 'ਚ ਇੰਗਲੈਂਡ ਦੀ ਟੀਮ ਭਾਰਤ ਆਈ। ਇੰਗਲੈਂਡ ਦੇ ਤੇਜ਼ ਗੇਂਦਬਾਜ਼ ਜੌਹਨ ਲੀਵਰ ਨੇ ਆਪਣੀ ਸ਼ਾਨਦਾਰ ਸਵਿੰਗ ਗੇਂਦਬਾਜ਼ੀ ਦੀ ਬਦੌਲਤ ਦਿੱਲੀ ਅਤੇ ਕੋਲਕਾਤਾ 'ਚ ਪਹਿਲੇ ਦੋ ਟੈੱਸਟ ਮੈਚਾਂ 'ਚ 12 ਵਿਕਟਾਂ ਲਈਆਂ। ਇਸ ਤੋਂ ਬਾਅਦ ਉਹ ਮਦਰਾਸ ਟੈੱਸਟ 'ਚ ਸੱਤ ਵਿਕਟਾਂ ਲੈਣ 'ਚ ਸਫ਼ਲ ਰਹੇ। ਉਸ ਟੈੱਸਟ 'ਚ ਬੇਦੀ ਨੇ ਲੀਵਰ ਅਤੇ ਬੌਬ ਵਿਲਿਸ 'ਤੇ ਬਾਲ ਟੈਂਪਰਿੰਗ ਦਾ ਦੋਸ਼ ਲਗਾਇਆ ਸੀ। ਅਜਿਹਾ ਦੋਸ਼ ਅੰਤਰਰਾਸ਼ਟਰੀ ਕ੍ਰਿਕਟ 'ਚ ਪਹਿਲੀ ਵਾਰ ਲੱਗਾ ਸੀ। ਅੰਪਾਇਰ ਰੂਬੇਨ ਨੇ ਵੀ ਮੰਨਿਆ ਕਿ ਉਸ ਨੇ ਮੈਦਾਨ 'ਤੇ ਇੱਕ ਪੱਟੀ ਦੇਖੀ ਸੀ ਜਿਸ 'ਤੇ ਕੋਈ ਪਦਾਰਥ ਚਿਪਕਿਆ ਹੋਇਆ ਸੀ। ਜਦੋਂ ਇਸ ਬਾਰੇ ਟੋਨੀ ਗ੍ਰੈੱਗ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਔਹ ਵੈਸਲੀਨ ਸੀ। ਉਕਤ ਪੱਟੀ ਨੂੰ ਮਦਰਾਸ ਦੀ ਫ਼ੋਰੈਂਜ਼ਿਕ ਲੈਬ ਨੂੰ ਜਾਂਚ ਲਈ ਭੇਜਿਆ ਗਿਆ ਸੀ ਜਿਸ ਦੀ ਰਿਪੋਰਟ ਕਦੇ ਪ੍ਰਾਪਤ ਨਹੀਂ ਹੋਈ। ਕਈ ਸਾਲਾਂ ਬਾਅਦ ਅੰਪਾਇਰ ਰੂਬੇਨ ਨੇ ਇੱਕ ਇੰਟਰਵਿਊ 'ਚ ਕਿਹਾ ਸੀ, "ਮੈਂ ਸਹਿਮਤ ਹਾਂ ਕਿ ਅਜਿਹਾ ਨਹੀਂ ਸੀ ਹੋਣਾ ਚਾਹੀਦਾ ਪਰ ਅਜਿਹਾ ਹੋਇਆ। ਅਸੀਂ ਇਸ ਬਾਰੇ ਬਹੁਤਾ ਕੁਝ ਨਹੀਂ ਸੀ ਕਰ ਸਕਦੇ।

**2. ਜਿਮ ਲੇਕਰ ਕੀਤਾ ਵੱਡਾ ਕੌਮੈਂਟ:** ਟੈੱਸਟ ਕ੍ਰਿਕਟ 'ਚ ਇੱਕ ਪਾਰੀ 'ਚ 10 ਵਿਕਟਾਂ ਲੈਣ ਵਾਲੇ ਪਹਿਲੇ ਗੇਂਦਬਾਜ਼ ਜਿਮ ਲੇਕਰ ਨੇ ਇੱਕ ਵਾਰ ਕਿਹਾ ਸੀ ਕਿ ਉਸ ਦਾ ਸਵਰਗ ਦਾ ਵਿਚਾਰ ਰੇਅ ਲਿੰਡਵਾਲ ਅਤੇ ਬਿਸ਼ਨ ਸਿੰਘ ਬੇਦੀ ਨੂੰ ਵਿਰੋਧੀ ਸਿਰੇ ਤੋਂ ਗੇਂਦਬਾਜ਼ੀ ਕਰਨਾ ਹੋਵੇਗਾ!

**3. ਖ਼ੁਦ ਧੋਣੇ ਕੱਪੜੇ ਅਤੇ ਖਾਣਾ ਘਰ ਦਾ ਬਣਿਆ ਖਾਣਾ:** ਬੇਦੀ ਨੇ ਇੱਕ ਇੰਟਰਵਿਊ 'ਚ ਦੱਸਿਆ ਸੀ ਕਿ ਗੇਂਦਬਾਜ਼ੀ ਲਈ ਮਜ਼ਬੂਤ ਉਂਗਲਾਂ ਦਾ ਹੋਣਾ ਜ਼ਰੂਰੀ ਹੈ। ਇਸ ਲਈ ਮੈਂ ਆਪਣੀਆਂ ਉਂਗਲਾਂ ਨੂੰ ਮਜ਼ਬੂਤ ਕਰਨ ਅਤੇ ਆਪਣੀਆਂ ਗੁੱਟੀਆਂ ਨੂੰ ਲਚਕੀਲਾ ਰੱਖਣ ਲਈ ਆਪਣੇ ਕੱਪੜੇ ਖ਼ੁਦ ਧੋ ਲੈਂਦਾ ਸੀ। ਇਸ ਨਾਲ ਉਂਗਲਾਂ ਨੂੰ ਤਾਕਤ ਮਿਲਦੀ ਸੀ ਅਤੇ ਗੇਂਦ ਨੂੰ ਉਂਗਲਾਂ 'ਚ ਫ਼ੜ ਕੇ ਘੁੰਮਾਉਣਾ ਆਸਾਨ ਹੋ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਬੇਦੀ ਨੂੰ ਹੋਟਲਾਂ ਜਾਂ ਰੈਸਟੋਰੈਂਟਾਂ 'ਚ ਜਾ ਕੇ ਖਾਣਾ ਖਾਣਾ ਪਸੰਦ ਨਹੀਂ ਸੀ। ਉਹ ਹਮੇਸ਼ਾ ਘਰ ਦੇ ਬਣੇ ਭੋਜਨ ਨੂੰ ਤਰਜੀਹ ਦਿੰਦੇ ਸਨ।

**4. ਅੰਪਾਇਰ ਦੇ ਵਾਈਡ ਨਾ ਦੇਣ 'ਤੇ ਬੱਲੇਬਾਜ਼ਾਂ ਨੂੰ ਬੁਲਾਇਆ ਵਾਪਿਸ:** 1978 'ਚ ਪਾਕਿਸਤਾਨ ਦੇ ਸਾਹੀਵਾਲ 'ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਇੱਕ ਮੈਚ ਖੇਡਿਆ ਜਾ ਰਿਹਾ ਸੀ। ਭਾਰਤ ਨੂੰ ਜਿੱਤ ਲਈ 18 ਗੇਂਦਾਂ 'ਤੇ 23 ਦੌੜਾਂ ਦੀ ਲੋੜ ਸੀ, ਅਤੇ ਉਸ ਦੀਆਂ ਅੱਠ ਵਿਕਟਾਂ ਬਚੀਆਂ ਹੋਈਆਂ ਸਨ। ਫ਼ਿਰ ਪਾਕਿਸਤਾਨ ਦੇ ਤੇਜ਼ ਗੇਂਦਬਾਜ਼ ਸਰਫ਼ਰਾਜ਼ ਨਵਾਜ਼ ਨੇ ਲਗਾਤਾਰ ਚਾਰ ਬਾਊਂਸਰ ਸੁੱਟੇ। ਅੰਪਾਇਰ ਨੇ ਕਿਸੇ ਵੀ ਗੇਂਦ ਨੂੰ ਵਾਈਡ ਨਹੀਂ ਦਿੱਤਾ। ਇਹ ਦੇਖ ਕੇ ਬੇਦੀ ਨੂੰ ਗੁੱਸਾ ਆ ਗਿਆ। ਉਸ ਨੇ ਆਪਣੇ ਬੱਲੇਬਾਜ਼ਾਂ ਨੂੰ ਮੈਦਾਨ ਤੋਂ ਵਾਪਿਸ ਬੁਲਾ ਲਿਆ। ਬਾਅਦ 'ਚ ਪਾਕਿਸਤਾਨ ਨੂੰ ਮੈਚ ਜੇਤੂ ਐਲਾਨ ਦਿੱਤਾ ਗਿਆ। ਇਸ ਬਾਰੇ ਬੇਦੀ ਦੀ ਕਾਫ਼ੀ ਆਲੋਚਨਾ ਹੋਈ ਸੀ।

# ਸਭ ਤੋਂ ਕਰੀਬੀ ਦੋਸਤ ਗੁਆਇਐ ਮੈਂ - ਇਤਖ਼ਾਬ ਆਲਮ



ਲਾਹੌਰ: ਪਾਕਿਸਤਾਨ ਦੇ ਸਾਬਕਾ ਕਪਤਾਨ ਇੰਤਖ਼ਾਬ ਆਲਮ ਨੂੰ ਸਰਹੱਦ ਪਾਰੋਂ ਆਪਣੇ ਸਭ ਤੋਂ ਕਰੀਬੀ ਦੋਸਤ ਭਾਰਤੀ ਮਹਾਨ ਸਪਿਨਰ ਬਿਸ਼ਨ ਸਿੰਘ ਬੇਦੀ ਦੇ ਦਿਹਾਂਤ ਦੀ ਖ਼ਬਰ ਸੁਣ ਕੇ ਸਦਮਾ ਲੱਗਾ ਹੈ।

ਲਾਹੌਰ ਤੋਂ ਫ਼ੋਨ 'ਤੇ ਗੱਲਬਾਤ ਦੌਰਾਨ ਆਲਮ ਨੇ ਬੇਦੀ ਦੀ ਮੌਤ ਨੂੰ ਇੱਕ ਨਿੱਜੀ ਘਾਟਾ ਦੱਸਿਆ। ਉਨ੍ਹਾਂ ਦੀ ਦੋਸਤੀ 1971 ਦੀ ਹੈ ਜਦੋਂ ਬੇਦੀ ਨੇ ਭਾਰਤੀ ਟੀਮ ਨਾਲ ਇੰਗਲੈਂਡ ਦਾ ਦੌਰਾ ਕੀਤਾ ਅਤੇ ਆਲਮ ਨੇ ਸਰੀ ਦੀ ਨੁਮਾਇੰਦਗੀ ਕਰਦੇ ਹੋਏ ਇੱਕ ਮੈਚ 'ਚ ਉਸ ਦਾ ਸਾਹਮਣਾ ਕੀਤਾ ਸੀ। ਉਸੇ ਸਾਲ, ਆਲਮ ਅਤੇ ਬੇਦੀ ਦੋਵੇਂ ਵਿਸ਼ਵ ਇਲੈਵਨ ਟੀਮ ਨਾਲ ਆਸਟ੍ਰੇਲੀਆ ਦੇ ਪੰਜ ਮਹੀਨਿਆਂ ਦੇ ਦੌਰੇ 'ਤੇ ਗਏ ਸਨ ਅਤੇ ਓਦੋਂ ਤੋਂ ਦੋਹੇਂ ਗੂੜ੍ਹੇ ਦੋਸਤ ਬਣ ਗਏ ਸਨ।

ਜਦੋਂ ਬੇਦੀ ਪਿਛਲੇ ਸਾਲ ਅਕਤੂਬਰ 'ਚ ਕਰਤਾਰਪੁਰ ਸਾਹਿਬ ਗਏ ਸਨ ਤਾਂ ਆਲਮ ਉੱਥੇ ਉਨ੍ਹਾਂ ਨੂੰ ਮਿਲਣ ਲਈ ਵੀ ਆਇਆ ਸੀ। ਸਰਬਕਾਲ ਦੇ ਮਹਾਨ ਸਪਿਨਰਾਂ 'ਚੋਂ ਇੱਕ ਨੂੰ ਸ਼ਰਧਾਂਜਲੀ ਦਿੰਦੇ ਹੋਏ ਆਲਮ ਭਾਵੁਕ ਹੋ ਗਏ।

ਉਨ੍ਹਾਂ ਨੇ ਕਿਹਾ, "ਉਹ ਇੱਕ ਮਹਾਨ ਵਿਅਕਤੀ ਸੀ। ਇੱਕ ਦਿਆਲੂ ਆਦਮੀ, ਹਾਸੇ ਨਾਲ ਭਰਪੂਰ ਸੀ ਉਹ। ਜਦੋਂ ਉਹ ਆਲੇ ਦੁਆਲੇ ਹੁੰਦਾ ਸੀ ਤਾਂ ਕਦੇ ਵੀ ਕੋਈ ਸੁਸਤ ਪਲ ਨਹੀਂ ਸੀ।" ਆਲਮ ਨੇ ਅੱਗੇ ਕਿਹਾ, "ਉਹ ਬਿਨਾਂ ਸ਼ੱਕ ਇੱਕ ਵਿਸ਼ਵ ਪੱਧਰੀ ਕ੍ਰਿਕਟਰ ਸੀ, ਪਰ ਉਹ ਇਸ ਤੋਂ ਵੀ ਵੱਧ ਉਹ ਇੱਕ ਬਿਹਤਰੀਨ ਇਨਸਾਨ ਸੀ।

